ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

**Awaze Qaum** (ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

**International Daily Newspaper & WEB TV**

awazeqaumtvpunjab@gmail.com

ਵੀਰਵਾਰ, 8 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੨੬ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਲੋਕ ਸਭਾ ਚੋਣਾਂ 2024: ਉਮੀਦਵਾਰ ਚੋਣਾਂ 'ਚ ਖ਼ਰਚ ਕਰ ਸਕਣਗੇ 95 ਲੱਖ ਰੁਪਏ

**ਜਲੰਧਰ, 7 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਆਗਾਮੀ ਲੋਕ ਸਭਾ ਚੋਣਾਂ ਦੀਆਂ ਇਲੈਕਸ਼ਨ ਕਮਿਸ਼ਨ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਚੋਣਾਂ 'ਚ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਖ਼ਰਚ ਕੀਤੀ ਜਾਣ ਵਾਲੀ ਸੂਚੀ ਤੈਅ ਕੀਤੀ ਗਈ ਹੈ। ਡਿਵੀਜ਼ਨਲ ਕਮਿਸ਼ਨਰ ਜਲੰਧਰ ਦੀ ਅਗਵਾਈ 'ਚ ਰੇਟ ਲਿਸਟ ਤੈਅ ਕਰਨ ਲਈ ਕਮੇਟੀ ਬਣਾਈ ਗਈ ਹੈ। ਇਸ 'ਚ ਲੋਕ ਸਭਾ ਚੋਣਾਂ 'ਚ ਵਰਤੀ ਜਾਣ ਵਾਲੀ ਸਮੱਗਰੀ ਦੇ ਰੇਟ ਅਤੇ ਨਿਯਮ ਤੈਅ ਕੀਤੇ ਗਏ ਹਨ। ਕੀਤੀ ਗਈ ਮੀਟਿੰਗ 'ਚ ਇਲੈਕਸ਼ਨ ਤਹਿਸੀਲਦਾਰ ਸਮੇਤ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਦੇ ਏ. ਡੀ. ਸੀ. ਮੌਜੂਦ ਸਨ। ਉਨ੍ਹਾਂ ਨੇ 201 ਵੱਖ-ਵੱਖ ਆਈਟਮਾਂ ਦੇ ਰੇਟ ਤੈਅ ਕੀਤੇ। ਚੋਣਾਂ ਦੌਰਾਨ ਵੱਡੀਆਂ ਰੈਲੀਆਂ ਤੋਂ ਲੈ ਕੇ ਹਰ ਤਰ੍ਹਾਂ ਦੀਆਂ ਰੈਲੀਆਂ 'ਚ ਹੋਣ ਵਾਲੇ ਖ਼ਰਚ, ਹਰ ਦਿਨ ਦੇ ਖ਼ਰਚ, ਪ੍ਰਚਾਰ ਸਮੱਗਰੀ ਤੋਂ ਲੈ ਕੇ ਖਾਣ-ਪੀਣ ਦੀਆਂ ਚੀਜ਼ਾਂ ਦੇ ਰੇਟ ਤੈਅ ਕੀਤੇ ਗਏ ਹਨ। ਇਹ ਰੇਟ ਪਿਛਲੀਆਂ ਚੋਣਾਂ ਦੇ ਮੁਕਾਬਲੇ ਕੁਝ ਜ਼ਿਆਦਾ ਹਨ। ਰੇਟ ਲਿਸਟ ਨੂੰ ਡਿਵੀਜ਼ਨਲ ਕਮਿਸ਼ਨ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਸੀ. ਈ. ਓ. ਪੰਜਾਬ ਤੋਂ ਵੀ ਮਨਜ਼ੂਰੀ ਮਿਲੀ ਚੁੱਕੀ ਹੈ। ਹੁਣ ਲਿਸਟ ਸਾਰੀਆਂ ਸਿਆਸੀ ਪਾਰਟੀਆਂ ਨੂੰ ਵੀ ਮੁਹੱਈਆ ਕਰਵਾਈ ਜਾਵੇਗੀ। ਲੋਕਸਭਾ ਦਾ ਇਕ ਉਮੀਦਵਾਰ 95 ਲੱਖ ਜਦਕਿ ਵਿਧਾਨਸਭਾ ਚੋਣਾਂ 'ਚ 40 ਲੱਖ ਰੁਪਏ ਪ੍ਰਤੀ ਉਮੀਦਵਾਰ ਖ਼ਰਚਾ ਕਰਨ ਲਈ ਤੈਅ ਕੀਤਾ ਗਿਆ ਹੈ। ਕਈ ਵਾਰ ਉਮੀਦਵਾਰ ਇਲੈਕਸ਼ਨ ਕਮਿਸ਼ਨ ਤੋਂ ਖ਼ਰਚ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਕਈ ਟੀਮਾਂ ਹੁੰਦੀਆਂ ਹਨ, ਜੋ ਚੈਕਿੰਗ ਕਰਦੀਆਂ ਹਨ।

## ਪਾਕਿਸਤਾਨ : ਚੋਣਾਂ ਤੋਂ ਪਹਿਲਾਂ ਬਲੋਚਿਸਤਾਨ 'ਚ

# ਦੋਹਰੇ ਧਮਾਕੇ, 25 ਤੋਂ ਵੱਧ ਲੋਕਾਂ ਦੀ ਮੌਤ

**ਕਰਾਚੀ, 7 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਸੂਬੇ ਵਿਚ ਆਮ ਚੋਣਾਂ ਤੋਂ ਇਕ ਦਿਨ ਪਹਿਲਾਂ ਬੁੱਧਵਾਰ ਨੂੰ ਦੋ ਭਿਆਨਕ ਬੰਬ ਧਮਾਕਿਆਂ ਵਿਚ ਘੱਟੋ-ਘੱਟ 25 ਲੋਕ ਮਾਰੇ ਗਏ ਅਤੇ 42 ਹੋਰ ਜ਼ਖਮੀ ਹੋ ਗਏ। ਪਹਿਲੀ ਘਟਨਾ ਵਿੱਚ ਪਿਸ਼ਨਿ ਜ਼ਲ੍ਹਿ ਵਿੱਚ ਆਜ਼ਾਦ ਉਮੀਦਵਾਰ ਅਸਫ਼ੰਦਯਾਰ ਖ਼ਾਨ ਕੱਕੜ ਦੇ ਦਫ਼ਤਰ ਦੇ ਬਾਹਰ ਹੋਏ ਜ਼ਬਰਦਸਤ ਧਮਾਕੇ ਵਿੱਚ 17 ਲੋਕਾਂ ਦੀ ਮੌਤ ਹੋ ਗਈ ਅਤੇ 30 ਹੋਰ ਜ਼ਖ਼ਮੀ ਹੋ ਗਏ। ਇਕ ਘੰਟੇ ਤੋਂ ਵੀ ਘੱਟ ਸਮੇਂ ਬਾਅਦ ਕਿਲਾ ਅਬਦੁੱਲਾ ਖੇਤਰ ਵਿਚ ਜਮੀਅਤ-ਉਲੇਮਾ ਇਸਲਾਮ-ਪਾਕਿਸਤਾਨ ਦੇ ਚੋਣ ਦਫਤਰ ਦੇ ਬਾਹਰ ਇਕ ਹੋਰ ਬੰਬ ਧਮਾਕਾ ਹੋਇਆ, ਜਿਸ ਵਿਚ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ 12 ਹੋਰ ਜ਼ਖਮੀ ਹੋ ਗਏ। ਬਲੋਚਿਸਤਾਨ ਪੰਜਗੁਰ ਵਿੱਚ ਇੱਕ ਸੀਨੀਅਰ ਪੁਲਸ ਅਧਿਕਾਰੀ ਅਬਦੁੱਲਾ ਜ਼ੇਹਰੀ ਨੇ ਕਿਹਾ ਕਿ ਉਮੀਦਵਾਰ ਅਸਫੰਦਯਾਰ ਖਾਨ ਕੱਕੜ ਦੇ ਚੋਣ ਦਫ਼ਤਰ ਦੇ ਬਾਹਰ ਧਮਾਕਾ ਰਿਮੋਟ ਤੋਂ ਕੀਤਾ ਗਿਆ ਸੀ ਅਤੇ ਇਮਾਰਤ ਦੇ ਬਾਹਰ ਇੱਕ ਬੈਗ ਵਿੱਚ ਰੱਖਿਆ ਗਿਆ ਸੀ। ਉਨ੍ਹਾਂ ਕਿਹਾ, "ਕੁਝ ਜ਼ਖਮੀਆਂ ਦੀ ਹਾਲਤ ਨਾਜ਼ੁਕ ਹੈ ਅਤੇ ਉਨ੍ਹਾਂ ਨੂੰ ਇਲਾਜ ਲਈ ਕਵੇਟਾ ਲਿਜਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਧਮਾਕੇ ਵਿੱਚ ਮ੍ਰਿਤਕਾਂ ਦੀ ਗਿਣਤੀ 17 ਹੈ ਪਰ ਮ੍ਰਿਤਕਾਂ ਦੀ ਗਿਣਤੀ ਵੱਧ ਸਕਦੀ ਹੈ। ਜ਼ੇਹਰੀ ਨੇ ਕਿਹਾ, "ਅੱਤਵਾਦੀ ਲੋਕਾਂ ਨੂੰ ਪੋਲਿੰਗ ਸਟੇਸ਼ਨਾਂ 'ਤੇ ਜਾਣ ਤੋਂ ਰੋਕਣ ਲਈ ਚੋਣ ਉਮੀਦਵਾਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਪਰ ਚੋਣਾਂ ਨੂੰ ਨਿਰਧਾਰਤ ਸਮੇਂ 'ਤੇ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਕਰਮਚਾਰੀਆਂ ਨੂੰ ਹੋਰ ਵਧਾਇਆ ਜਾ ਰਿਹਾ ਹੈ।" ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਚੋਣਾਂ ਦੌਰਾਨ ਇਕ ਸ਼ਕਤੀਸ਼ਾਲੀ ਧਮਾਕਾ ਹੋਇਆ। ਕਿੱਲਾ ਅਬਦੁੱਲਾ ਖੇਤਰ ਵਿੱਚ ਇੱਕ ਜੇ.ਯੂ.ਆਈ ਉਮੀਦਵਾਰ ਦੇ ਦਫ਼ਤਰ ਅਤੇ ਬਹੁਤ ਨੁਕਸਾਨ ਪਹੁੰਚਾਇਆ ਜਿਸ ਵਿੱਚ ਅੱਠ ਲੋਕ ਪਹਿਲਾਂ ਹੀ ਮਾਰੇ ਗਏ ਸਨ। ਪਾਕਿਸਤਾਨ ਦੇ ਚੋਣ ਕਮਿਸ਼ਨ (ਈ.ਸੀ.ਪੀ) ਨੇ ਦੋ ਧਮਾਕਿਆਂ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਵੀਰਵਾਰ ਨੂੰ ਹੋਣ ਵਾਲੀਆਂ ਚੋਣਾਂ ਲਈ ਸੂਬੇ ਵਿੱਚ ਸੁਰੱਖਿਆ ਹੋਰ ਵਧਾ ਦਿੱਤੀ ਗਈ ਹੈ। ਈ.ਸੀ.ਪੀ ਦੇ ਬੁਲਾਰੇ ਨੇ ਕਿਹਾ, "ਇਨ੍ਹਾਂ ਅੱਤਵਾਦੀ ਹਮਲਿਆਂ ਦੇ ਦੋਸ਼ੀਆਂ ਨੂੰ ਫੜਿਆ ਜਾਵੇਗਾ ਅਤੇ ਉਨ੍ਹਾਂ ਨਾਲ ਨਜਿੱਠਿਆ ਜਾਵੇਗਾ।" ਬਲੋਚਿਸਤਾਨ ਦੇ ਗ੍ਰਹਿ ਮੰਤਰੀ ਜਾਨ ਅਚਕਜ਼ਈ ਨੇ ਇੱਕ ਬਿਆਨ ਵਿੱਚ ਹਮਲਿਆਂ ਦੀ ਨਿੰਦਾ ਕੀਤੀ ਅਤੇ ਐਲਾਨ ਕੀਤਾ ਕਿ ਚੋਣਾਂ ਨਿਰਧਾਰਤ ਸਮੇਂ ਅਨੁਸਾਰ ਹੀ ਕਰਵਾਈਆਂ ਜਾਣਗੀਆਂ।



## ਪੰਜਾਬ ਪੁਲਸ ਦੀ ਸਾਬਕਾ ਡੀ. ਐੱਸ. ਪੀ. ਰਾਕਾ ਗੇਰਾ ਨੂੰ 6 ਸਾਲ ਦੀ ਸਜ਼ਾ

**ਚੰਡੀਗੜ੍ਹ, 7 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਪੁਲਸ ਦੀ ਸਾਬਕਾ ਡੀ. ਐੱਸ. ਪੀ. ਰਾਕਾ ਗੇਰਾ ਨੂੰ ਇਕ ਲੱਖ ਰੁਪਏ ਦੇ ਚਰਚਿਤ ਰਿਸ਼ਵਤਕਾਂਡ ਮਾਮਲੇ ਵਿਚ ਅਦਾਲਤ ਨੇ ਦੋਸ਼ੀ ਕਰਾਰ ਦੇਣ ਤੋਂ ਬਾਅਦ 6 ਸਾਲ ਦੀ ਸਜ਼ਾ 'ਤੇ ਦੋ ਲੱਖ ਰੁਪਏ ਜੁਰਮਾਨਾ ਲਗਾਇਆ ਹੈ। ਸੋਮਵਾਰ ਨੂੰ ਇਸ ਮਾਮਲੇ 'ਚ ਹੋਈ ਸੁਣਵਾਈ ਤੋਂ ਬਾਅਦ ਸਾਬਕਾ ਡੀ. ਐੱਸ. ਪੀ. ਨੂੰ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ ਰਿਸ਼ਵਤ ਦੇ ਦੋਸ਼ਾਂ ਦੇ ਸਹੀ ਸਾਬਤ ਹੋਣ 'ਤੇ ਉਸਨੂੰ ਮੁਲਜ਼ਮ ਕਰਾਰ ਦਿੱਤਾ ਸੀ, ਜਿਸ ਤੋਂ ਬਾਅਦ ਅਦਾਲਤ ਪਹੁੰਚੀ ਸਾਬਕਾ ਡੀ. ਐੱਸ. ਪੀ. ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਅੱਜ ਅਦਾਲਤ ਨੇ ਇਸ ਮਾਮਲੇ 'ਤੇ ਦੋਸ਼ੀ ਰਾਕਾ ਗੇਰਾ ਨੂੰ ਸਜ਼ਾ ਦਾ ਐਲਾਨ ਕੀਤਾ ਹੈ। 2011 ਵਿਚ ਦਰਜ ਮਾਮਲੇ ਤਹਿਤ ਮੁੱਲਾਂਪੁਰ ਦੇ ਇਕ ਬਿਲਡਰ ਨੇ ਉਸ 'ਤੇ ਰਿਸ਼ਵਤ ਲੈਣ ਦਾ ਦੋਸ਼ ਲਾਇਆ ਸੀ, ਜਿਸ ਤੋਂ ਬਾਅਦ ਸੀ. ਬੀ. ਆਈ. ਨੇ ਟ੍ਰੈਪ ਲਾ ਕੇ ਮੁਲਜ਼ਮ ਕਰਾਰ ਦਿੱਤੀ ਗਈ ਰਾਕਾ ਗੇਰਾ ਨੂੰ ਭ੍ਰਿਸ਼ਟਾਚਾਰ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਦੇ ਹੋਏ ਗ੍ਰਿਫਤਾਰ ਕੀਤਾ ਸੀ। ਉਦੋਂ ਤੋਂ ਹੀ ਉਸਦੇ ਖ਼ਿਲਾਫ ਇਹ ਕੇਸ ਚੰਡੀਗੜ੍ਹ ਦੀ ਅਦਾਲਤ ਵਿਚ ਚੱਲ ਰਿਹਾ ਸੀ। ਹਾਲਾਂਕਿ ਲਗਭਗ 5 ਸਾਲ ਤਕ ਇਸ ਕੇਸ ਦੇ ਟ੍ਰਾਇਲ 'ਤੇ ਪੰਜਾਬ-ਹਰਿਆਣਾ ਹਾਈਕੋਰਟ ਨੇ ਰੋਕ ਲਾ ਦਿੱਤੀ ਸੀ ਪਰ ਅਗਸਤ 2023 ਵਿਚ ਰੋਕ ਹਟਾ ਦਿੱਤੀ ਗਈ ਅਤੇ ਫਿਰ ਲਗਾਤਾਰ ਇਸ ਕੇਸ ਦਾ ਮੁਕੱਦਮਾ ਚੱਲਦਾ ਰਿਹਾ। 13 ਸਾਲ ਪਹਿਲਾਂ ਸੀ. ਬੀ. ਆਈ. ਚੰਡੀਗੜ੍ਹ ਨੇ ਉਸਨੂੰ ਸੈਕਟਰ-15 ਸਥਿਤ ਕੋਠੀ ਤੋਂ ਗ੍ਰਿਫ਼ਤਾਰ ਕੀਤਾ ਸੀ ਪਰ ਇਸ ਮਾਮਲੇ ਦੀ ਸੁਣਵਾਈ ਦੌਰਾਨ ਰਾਕਾ ਗੇਰਾ ਖ਼ਿਲਾਫ਼ ਸ਼ਿਕਾਇਤ ਦੇਣ ਵਾਲਾ ਬਿਲਡਰ ਅਦਾਲਤ ਵਿਚ ਬਿਆਨਾਂ ਤੋਂ ਮੁੱਕਰ ਗਿਆ। ਅਦਾਲਤ ਵਿਚ ਹੋਈ ਬਹਿਸ ਦੌਰਾਨ ਸੀ. ਬੀ. ਆਈ. ਦੇ ਸਰਕਾਰੀ ਵਕੀਲ ਨਰਿੰਦਰ ਸਿੰਘ ਨੇ ਕਿਹਾ ਕਿ ਜਾਂਚ ਏਜੰਸੀ ਕੋਲ ਰਾਕਾ ਗੇਰਾ ਖ਼ਿਲਾਫ਼ ਕਾਫ਼ੀ ਸਬੂਤ ਹਨ। ਸੀ. ਬੀ. ਆਈ. ਕੋਲ ਮੁਲਜ਼ਮ ਰਾਕਾ ਗੇਰਾ ਵਲੋਂ ਰਿਸ਼ਵਤ ਮੰਗਣ ਸਬੰਧੀ ਸ਼ਿਕਾਇਤਕਰਤਾ ਨਾਲ ਕੀਤੀ ਗਈ ਗੱਲਬਾਤ ਦੀ ਟ੍ਰਾਂਸਕ੍ਰਿਪਟ ਅਤੇ ਫੁਟੇਜ ਵੀ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਉਸ ਨੇ ਰਿਸ਼ਵਤ ਮੰਗੀ ਸੀ। ਮੋਹਾਲੀ ਦੇ ਮੁੱਲਾਂਪੁਰ ਵਾਸੀ ਬਿਲਡਰ ਕੇ. ਕੇ. ਮਲਹੋਤਰਾ ਦੀ ਸ਼ਿਕਾਇਤ 'ਤੇ ਸੀ. ਬੀ. ਆਈ. ਨੇ 25 ਜੁਲਾਈ 2011 ਨੂੰ ਇਕ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰਾਕਾ ਗੇਰਾ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਦੌਰਾਨ ਸੀ. ਬੀ. ਆਈ. ਨੇ ਰਾਕਾ ਗੇਰਾ ਦੀ ਸੈਕਟਰ-15 ਸਥਿਤ ਘਰ 'ਤੇ ਵੀ ਰੇਡ ਕੀਤੀ ਸੀ। ਸੀ. ਬੀ. ਆਈ. ਨੇ ਉਸ ਦੇ ਘਰੋਂ ਭਾਰੀ ਮਾਤਰਾ ਵਿਚ ਨਕਦੀ, ਸ਼ਰਾਬ ਦੀਆਂ 53 ਬੋਤਲਾਂ ਤੋਂ ਇਲਾਵਾ ਤਲਾਸ਼ੀ ਦੌਰਾਨ ਏ. ਕੇ.-47 ਦੇ ਕਾਰਤੂਸ, 32 ਬੋਰ ਦਾ ਜਰਮਨ ਮੇਡ ਰਿਵਾਲਵਰ, ਇਕ ਡਬਲ ਬੈਰਲ ਗੰਨ ਅਤੇ ਵੱਡੀ ਗਿਣਤੀ ਵਿਚ ਹਥਿਆਰ ਤੇ ਕਾਰਤੂਸ ਬਰਾਮਦ ਹੋਣ ਦਾ ਦਾਅਵਾ ਕੀਤਾ ਸੀ। ਉਦੋਂ ਰਾਕਾ ਗੇਰਾ ਖ਼ਿਲਾਫ਼ ਚੰਡੀਗੜ੍ਹ ਦੇ ਸੈਕਟਰ-11 ਥਾਣੇ ਵਿਚ ਆਰਮਜ਼ ਐਕਟ ਸਮੇਤ ਹੋਰ ਧਾਰਾਵਾਂ ਤਹਿਤ ਐੱਫ. ਆਈ. ਆਰ. ਦਰਜ ਕੀਤੀ ਗਈ ਸੀ।



**ਆਵਾਜ਼ਿ ਕੌਮ**

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਦੋ ਦਿਨ ਪਹਿਲਾਂ ਡੀਐਸਪੀ ਬਣੇ ਹਾਕੀ ਖਿਡਾਰੀ ਵਰੁਣ ਕੁਮਾਰ 'ਤੇ ਜਬਰ-ਜ਼ਨਿਾਹ ਕਰਨ ਦਾ ਇਲਜ਼ਾਮ, ਕੇਸ ਦਰਜ

**ਬੈਂਗਲੁਰੂ , 7 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਹਾਕੀ ਖਿਡਾਰੀ ਵਰੁਣ ਕੁਮਾਰ ਦੇ ਖਿਲਾਫ ਪੋਕਸੋ (ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੁਅਲ ਆਫੈਂਸ ਐਕਟ) ਕਾਨੂੰਨ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਕਿਉਂਕਿ ਇਕ ਔਰਤ ਨੇ ਉਸ 'ਤੇ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਕਈ ਵਾਰ ਬਲਾਤਕਾਰ ਕਰਨ ਦਾ ਦੋਸ਼ ਲਗਾਇਆ ਹੈ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਵਰੁਣ ਦਾ ਪਿਛੋਕੜ ਹਿਮਾਚਲ ਪ੍ਰਦੇਸ਼ ਨਾਲ ਸਬੰਧਤ ਹੈ ਪਰ ਅੱਜ ਕਲ ਉਹ ਜਲੰਧਰ ਦੇ ਪਿੰਡ ਮਿੱਠਾਪੁਰ ਸਥਿਤ ਏਕਤਾ ਵਿਹਾਰ ਇਲਾਕੇ 'ਚ ਰਹਿੰਦਾ ਹੈ ਤੇ ਦੋ ਦਿਨ ਪਹਿਲਾਂ ਹੀ ਪੰਜਾਬ ਸਰਕਾਰ ਨੇ ਵਰੁਣ ਨੂੰ ਡੀ. ਐੱਸ. ਪੀ. ਬਣਾਇਆ ਸੀ। ਇੱਕ ਏਅਰਲਾਈਨ ਕੰਪਨੀ ਵਿੱਚ ਕੰਮ ਕਰਨ ਵਾਲੀ ਮੁਟਿਆਰ ਨੇ ਦਾਅਵਾ ਕੀਤਾ ਕਿ ਜਦੋਂ ਉਹ 2018 ਵਿੱਚ ਅਰਜੁਨ ਐਵਾਰਡੀ ਵਰੁਣ ਦੇ ਸੰਪਰਕ ਵਿੱਚ ਆਈ ਤਾਂ ਉਹ 17 ਸਾਲ ਦੀ ਸੀ ਉਸ ਸਮੇਂ ਵਰੁਣ ਇੱਥੇ ਸਪੋਰਟਸ ਅਥਾਰਟੀ ਆਫ਼ ਇੰਡੀਆ (ਸਾਈ) ਸੈਂਟਰ ਵਿੱਚ ਸਿਖਲਾਈ ਲੈ ਰਿਹਾ ਸੀ। ਐਫ. ਆਈ. ਆਰ. ਵਿੱਚ ਔਰਤ ਨੇ ਦੋਸ਼ ਲਾਇਆ ਹੈ ਕਿ ਵਰੁਣ ਨੇ ਉਸ ਨਾਲ ਇੰਸਟਾਗ੍ਰਾਮ ਰਾਹੀਂ ਸੰਪਰਕ ਕੀਤਾ ਅਤੇ ਮਿਲਣ ਲਈ ਜ਼ੋਰ ਪਾਇਆ। ਉਹ ਉਸ ਨੂੰ ਮਿਲਣ ਲਈ ਮੈਸੇਜ ਕਰਦਾ ਰਿਹਾ ਪਰ ਜਦੋਂ ਉਸ ਨੇ ਕੋਈ ਜਵਾਬ ਨਹੀਂ ਦਿੱਤਾ ਤਾਂ ਵਰੁਣ ਨੇ ਆਪਣੇ ਦੋਸਤਾਂ ਨੂੰ ਮਿਲਣ ਲਈ ਮਨਾਉਣ ਲਈ ਕਿਹਾ। ਮੁਲਾਕਾਤ ਕਰਨ 'ਤੇ ਵਰੁਣ ਨੇ ਕਿਹਾ ਕਿ ਉਹ ਉਸ ਨੂੰ ਪਸੰਦ ਕਰਦਾ ਹੈ। ਫਿਰ ਉਹ ਦੋਸਤ ਬਣੇ ਰਹੇ ਅਤੇ ਹੌਲੀ-ਹੌਲੀ ਉਨ੍ਹਾਂ ਵਿਚਕਾਰ ਰਿਸ਼ਤਾ ਬਣ ਗਿਆ। ਜੁਲਾਈ 2019 ਵਿੱਚ ਭਵਿੱਖ ਬਾਰੇ ਗੱਲ ਕਰਨ ਦੇ ਬਹਾਨੇ ਉਹ ਕੁੜੀ ਨੂੰ ਜੈਨਗਰ, ਬੈਂਗਲੂਰੂ ਦੇ ਇੱਕ ਹੋਟਲ ਵਿੱਚ ਲੈ ਗਿਆ ਅਤੇ ਕੁੜੀ ਨੂੰ ਨਾਬਾਲਗ ਹੋਣ ਦੇ ਬਾਵਜੂਦ ਉਸਦੇ ਨਾਲ ਸਰੀਰਕ ਸਬੰਧ ਬਣਾਏ। ਜਦੋਂ ਕੁੜੀ ਨੇ ਉਸ ਨੂੰ ਰੋਕਣ ਦੀ ਕੋਸ਼ਸ਼ਿ ਕੀਤੀ ਤਾਂ ਉਸ ਨੇ ਉਸ ਨਾਲ ਵਿਆਹ ਕਰਨ ਦਾ ਵਾਅਦਾ ਕੀਤਾ। ਐਫ. ਆਈ. ਆਰ. ਵਿੱਚ ਕਿਹਾ ਗਿਆ ਹੈ, 'ਉਸਨੇ (ਵਰੁਣ) 'ਤੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਪੰਜ ਸਾਲ ਲੰਬੇ ਰਿਸ਼ਤੇ ਦੌਰਾਨ ਕਈ ਵਾਰ ਵਿਆਹ ਦੇ ਬਹਾਨੇ ਉਸ ਨਾਲ ਸਰੀਰਕ ਸਬੰਧ ਬਣਾਏ।' ਬਾਅਦ ਵਿੱਚ ਵਰੁਣ ਨੇ ਦੂਰੀ ਬਣਾਈ ਰੱਖਣੀ ਸ਼ੁਰੂ ਕਰ ਦਿੱਤੀ ਅਤੇ ਔਰਤ ਦੇ ਕਾਲਾਂ ਅਤੇ ਸੰਦੇਸ਼ਾਂ ਦਾ ਜਵਾਬ ਦੇਣਾ ਬੰਦ ਕਰ ਦਿੱਤਾ।



## ੴ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।। ੴ



ਪਰਮ ਸਤਿਕਾਰਯੋਗ.............................................. ਜੀਓ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।।

# 10 ਫਰਵਰੀ 2024 ਦੇ

# ਨੁਮਾਇੰਦਾ ਇਕੱਠ

## ਵਿੱਚ ਜਲੰਧਰ ਪਹੁੰਚਣ ਲਈ ਸੱਦਾ ਪੱਤਰ।

**: ਏਜੰਡਾ :**

ਪੰਥ ਰਤਨ ਫਖਰੇ ਕੌਮ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਇਨਸਾਫ ਲੈਣ ਹਿੱਤ ਕਾਨੂੰਨੀ ਪੱਖ ਤੇ ਲੋਕ ਲਹਿਰ ਉਸਾਰਨ ਲਈ।

ਬੇਨਤੀ ਹੈ ਕਿ ਜਿਵੇਂ ਆਪ ਜੀ ਨੂੰ ਭਲੀ ਭਾਂਤ ਪਤਾ ਹੀ ਹੈ ਕਿ ਅੱਜ ਤੋਂ 31 ਸਾਲ ਪਹਿਲਾਂ ਉਸ ਸਮੇਂ ਦੀ ਕਾਂਗਰਸ ਸਰਕਾਰ ਦੇ ਹੱਥ ਠੋਕੇ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਤੇ ਉਸਦੇ ਅਹਿਲਕਾਰਾਂ ਨੇ ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਪੰਥ ਰਤਨ ਫਖਰੇ ਕੌਮ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਉਹਨਾਂ ਦੇ ਆਪਣੇ ਪਿੰਡ ਕਾਉਂਕੇ ਤੋਂ ਪਿੰਡ ਵਾਸੀਆਂ ਦੇ ਸਾਹਮਣੇ ਦਿਨ ਦਿਹਾੜੇ ਗ੍ਰਿਫਤਾਰ ਕਰਕੇ ਸੀ ਆਈ ਏ ਸਟਾਫ ਜਗਰਾਉਂ ਵਿਖੇ ਰੱਖਕੇ ਅਸਹਿ ਤੇ ਅਕਹਿ ਤਸੀਹੇ ਦੇ ਕੇ ਅਤੇ ਕੋਹ ਕੋਹ ਕੇ ਉਹਨਾਂ ਦੇ ਸ਼ਰੀਰ ਦੇ ਟੋਟੇ ਟੋਟੇ ਕਰਕੇ, ਭਾਵੇਂ ਇੱਕ ਜਨਵਰੀ 1993 ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਪਰ ਉਸ ਸਮੇਂ ਪੁਲਿਸ ਵਲੋਂ ਉਹਨਾਂ ਨੂੰ ਪੁਲਿਸ ਹਿਰਾਸਤ ਵਿੱਚੋਂ ਭੱਜਣ ਦਾ ਡਰਾਮਾ ਰਚਿਆ ਗਿਆ ਸੀ। ਉਸ ਸਮੇਂ ਤੋਂ ਪੰਥ ਵਲੋਂ ਉਹਨਾਂ ਦੇ ਕਾਤਲਾਂ ਨੂੰ ਸਜਾ ਦਿਵਾਉਣ ਲਈ ਇੱਕ ਸੁਰ ਹੋ ਕੇ ਮੰਗ ਉਠਾਉਣ ਦੇ ਬਾਵਜੂਦ ਕਿਸੇ ਵੀ ਹੁਕਮਰਾਨ ਸਰਕਾਰ ਨੇ ਇਸ ਦਾ ਇਨਸਾਫ ਦੇਣ ਦੀ ਬਜਾਏ ਅੱਖੋਂ ਪਰੋਖੇ ਕਰੀ ਰੱਖਿਆ ਇਥੋਂ ਤੱਕ ਕਿ ਪੰਥ ਦੀਆਂ ਵੋਟਾਂ ਲੈ ਕੇ ਤਿੰਨ ਵਾਰ ਸ. ਪ੍ਰਕਾਸ ਸਿੰਘ ਬਾਦਲ ਦੀ ਅਗਵਾਈ ਹੇਠ ਬਣੀ ਅਕਾਲੀ ਸਰਕਾਰ ਨੇ ਆਪਣੀ ਕੌਮ ਦੇ ਜਥੇਦਾਰ ਦਾ ਇਨਸਾਫ ਤਾਂ ਕੀ ਦੇਣਾ ਸੀ ਸਗੋਂ ਕਾਤਲ ਪੁਲਿਸ ਅਫਸਰਾਂ ਨੂੰ ਉਹਨਾਂ ਦੇ ਪਸੰਦੀ ਦੇ ਉੱਚ ਆਹੁਦੇ ਦੇ ਕੇ ਨਿਵਾਜਿਆ ਗਿਆ। ਸ. ਪ੍ਰਕਾਸ ਸਿੰਘ ਬਾਦਲ ਬਾਦਲ ਨੇ ਮੁੱਖ ਮੰਤਰੀ ਤੇ ਸ. ਸੁਖਬੀਰ ਸਿੰਘ ਬਾਦਲ ਨੇ ਗ੍ਰਹਿ ਮੰਤਰੀ ਰਹਿੰਦਿਆਂ ਲਗਾਤਾਰ ਕ੍ਰਮਵਾਰ 13 ਤੇ 8 ਸਾਲ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਨੂੰ ਆਪਣੇ ਸਿਰਹਾਣੇ ਤੇ ਗੋਡੇ ਥੱਲੇ ਦਬਾਅ ਕੇ ਕਾਤਲਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਬਚਾਉਂਦੇ ਤੇ ਲਕਾਉਂਦੇ ਰਹੇ।

ਪ੍ਰੰਤੂ ਹੁਣ ਉਨਾਂ ਦੇ ਕਤਲ ਦੀ 25 ਸਾਲਾਂ ਬਾਅਦ ਪੁਲਿਸ ਅਫਸਰ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਜਨਤਕ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਦਾਖਲ ਹੋਈ ਹੈ। ਇਸ ਰਿਪੋਰਟ ਨੇ ਅੱਜ ਸੰਸਾਰ ਪੱਧਰ ਤੇ ਸਿੱਖ ਕੌਮ ਨੂੰ ਮੁੜ ਅਗਵਾਈ ਦਿੰਦਿਆ ਉਸ ਦੌਰ ਦੀਆਂ ਵਧੀਕੀਆਂ ਤੇ ਜਬਰ ਜੁਲਮ ਦਾ ਇਨਸਾਫ ਲੈਣ ਅਤੇ ਖੇਰੂ-ਖੇਰੂ ਹੋਈ ਕੌਮ ਨੂੰ ਜਗਾਉਣ ਅਤੇ ਇੱਕ ਮੰਚ ਤੇ ਇਕੱਠਿਆਂ ਹੋਣ ਲਈ ਲੋਕ ਲਹਿਰ ਖੜ੍ਹੀ ਕਰਨ ਲਈ ਹਲੂਣਾ ਦਿੱਤਾ ਹੈ।

ਸੋ ਆਓ ਪੰਥ ਅਤੇ ਪੰਜਾਬ ਦੇ ਦਰਦੀਓ, ਸਾਬਕਾ ਜੱਜ ਸਾਹਿਬਾਨ, ਵਕੀਲ ਸਾਹਿਬਾਨ ਮਨੁੱਖੀ ਅਧਿਕਾਰਾਂ ਲਈ ਅਵਾਜ ਬੁਲੰਦ ਕਰਨ ਵਾਲਿਓ, **10 ਫਰਵਰੀ 2024 ਨੂੰ ਸਵੇਰੇ 11 ਵਜੇ ਜਲੰਧਰ-ਨਕੋਦਰ ਰੋਡ 'ਤੇ ਰੌਇਲ ਰਿਜ਼ੋਰਟ** ਵਿਖੇ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ। ਸੋ ਗੁਰੂ ਹੁਕਮਾਂ ਦੀ ਰੋਸਨੀ ਵਿੱਚ, ਭਵਿੱਖੀ ਰਣਨੀਤੀ ਤਿਆਰ ਕਰਨ ਲਈ ਜਥੇਦਾਰ ਕਾਉਂਕੇ ਦੇ ਇਨਸਾਫ ਲੈਣ ਲਈ ਮੀਟਿੰਗ ਵਿੱਚ ਪਹੁੰਚਣ ਦਾ ਸੱਦਾ ਪ੍ਰਵਾਨ ਕਰਨਾ ਜੀ।

**: ਨੋਟ :**

ਜਥੇਦਾਰ ਕਾਉਂਕੇ ਸਾਹਿਬ ਦੇ ਮੁੱਦੇ ਤੇ ਇਨਸਾਫ ਲੈਣ ਲਈ ਕਨੂੰਨੀ ਰਾਏ ਤੇ ਲੋਕ ਲਹਿਰ ਖੜ੍ਹੀ ਕਰਨ ਲਈ ਆਪਣੇ ਕੀਮਤੀ ਸੁਝਾਅ ਸੰਖੇਪ ਸਬਦਾਂ ਵਿੱਚ ਲਿਖ ਕੇ ਲੈ ਕੇ ਆਉਣ ਦੀ ਕ੍ਰਿਪਾਲਤਾ ਕਰਨੀ ਜੀ। ਆਪ ਜੀ ਦੇ ਧੰਨਵਾਦੀ ਹੋਵਾਂਗੇ।

ਆਵਾਜ਼ਿ ਕੌਮ AWAZE QAUM International Newspaper & WEB TV

: ਗੁਰੂ ਪੰਥ ਦੇ ਦਾਸ :

**ਤਾਲਮੇਲ ਇਨਸਾਫ਼ ਕਮੇਟੀ**

**ਪੰਥ ਰਤਨ ਫਖਰੇ ਕੌਮ ਅਮਰ ਸ਼ਹੀਦ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ**

**ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ**

ਸੰਪਰਕ ਨੰਬਰ : 9872482164, 9814013915, 9814015740, 9779750126, 9876072000, 8146696144, 9872065105, 8699663440, 9814645568

ਕਾਨੂੰਨੀ ਸੁਝਾਅ ਦੇਣ ਵਾਸਤੇ ਨੰਬਰ : 9878421013

## ਹੁਣ ਜਥੇਦਾਰ ਕਾਉਂਕੇ ਦਾ ਇਨਸਾਫ਼ ਲੈਣ ਲਈ

# ਨੁਮਾਇੰਦਾ ਇਕੱਠ ਰਾਇਲ ਰੀਜ਼ੋਰਟ ਨਕੋਦਰ ਰੋਡ 'ਤੇ ਹੋਵੇਗਾ: ਪੰਥਕ ਆਗੂ

**ਜਲੰਧਰ, 7 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ , ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ , ਸਰਬੱਤ ਖਾਲਸਾ ਦੇ ਮੁੱਖ ਪ੍ਰਬੰਧਕ ਭਾਈ ਮੋਹਕਮ ਸਿੰਘ , ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪੰਜਾਬ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਜਲੰਧਰ ਦੇ ਪ੍ਰਧਾਨ ਜਥੇਦਾਰ ਜਗਜੀਤ ਸਿੰਘ ਗਾਬਾ ਨੇ ਇੱਕ ਸਾਂਝੇ ਬਿਆਨ ਵਿੱਚ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ

ਆਵਾਜ਼ਿ ਕੌਮ AWAZE QAUM International Newspaper & WEB TV

ਦੱਸਿਆ ਕਿ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਅਮਰ ਸ਼ਹੀਦ ਪੰਥ ਰਤਨ , ਫ਼ਖ਼ਰ ਏ ਕੌਮ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਇਨਸਾਫ਼ ਲੈਣ ਲਈ ਪੰਥਕ ਧਿਰਾਂ ਵੱਲੋਂ 15 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਬਣਾਈ ਗਈ ਸਾਂਝੀ ਗਿਆਰਾਂ ਮੈਂਬਰੀ ਤਾਲਮੇਲ ਇਨਸਾਫ਼ ਕਮੇਟੀ ਵਲੋਂ ਜੋਂ ਨੁਮਾਇੰਦਾ ਇਕੱਠ 10 ਫਰਵਰੀ ਨੂੰ ਗੁਰੂ ਤੇਗ ਬਹਾਦਰ ਨਗਰ ਗੁਰਦੁਆਰਾ ਤੇਗ. ਬਹਾਦਰ ਸਾਹਿਬ ਜਲੰਧਰ ਵਿਖੇ ਬੁਲਾਇਆ ਗਿਆ ਸੀ ।ਉਸ ਥਾਂ ਤੇ ਉਸ ਦਿਨ ਹੋਰ ਵੀ ਕਈ ਸਮਾਗਮ ਹੋਣ ਕਾਰਨ ਅਤੇ ਸ਼ਹਿਰ ਵਿੱਚ ਟ੍ਰੈਫਿਕ ਦੀ ਭਾਰੀ ਸਮੱਸਿਆ ਹੋਣ ਕਾਰਨ ਇਥੋਂ ਇਹ ਨੁਮਾਇੰਦਾ ਇਕੱਠ ਦੀ ਜਗ੍ਹਾ ਉਥੋਂ ਬਦਲ ਕੇ ਉਸੇ ਦਿਨ 10 ਫਰਵਰੀ ਨੂੰ ਹੀ ਹੁਣ ਇਹ ਨੁਮਾਇੰਦਾ ਇਕੱਠ ਜਲ਼ੰਧਰ ਨਕੋਦਰ ਰੋਡ ਤੇ ਸਥਿਤ ਰਾਇਲ ਰਿਟਰੀਟ ਰੀਜ਼ੋਰਟ ਨੇੜੇ( ਵੰਡਰਲੈਂਡ )ਹੋਵੇਗਾ ।ਇਸ ਨੁਮਾਇੰਦਾ ਇਕੱਠ ਵਿੱਚ ਮੁੱਖ ਵਿਸ਼ਾ ਕੇਵਲ ਤੇ ਕੇਵਲ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਇਨਸਾਫ਼ ਲੈਣ ਦਾ ਹੀ ਹੋਵੇਗਾ ।ਉਹਨਾਂ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ , ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ , ਵੱਖ ਵੱਖ ਸ਼ਖ਼ਸੀਅਤਾਂ, ਸਾਬਕਾ ਜੱਜ ਸਾਹਿਬਾਨ ,ਵਕੀਲ ਸਾਹਿਬਾਨ ,ਸੰਤਾਂ ਮਹਾਪੁਰਸ਼ਾਂ ,ਦਮਦਮੀ ਟਕਸਾਲ ,ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨਾਂ, ਸਾਬਕਾ ਪੰਜਾਬ ਤੇ ਪੰਥ ਪੱਖੀ ਰਿਟਾਇਰਡ ਅਫਸਰਾਂ , ਮਨੁੱਖੀ ਅਧਿਕਾਰ ਸੰਗਠਨਾਂ , ਨਿਹੰਗ ਸਿੰਘ ਜਥੇਬੰਦੀਆਂ , ਪੰਥਕ ਜਥੇਬੰਦੀਆਂ ਦੇ ਆਗੂਆਂ ਸਾਹਿਬਾਨ, ਸਿੱਖ ਬੁਧੀਜੀਵੀਆਂ , ਪੱਤਰਕਾਰਾਂ ਆਦਿ ਨੂੰ ਤਾਲਮੇਲ ਇਨਸਾਫ਼ ਕਮੇਟੀ ਦੇ ਵੱਖ ਵੱਖ ਆਗੂ ਸਾਹਿਬਾਨ ਵਲੋਂ ਨਿੱਜੀ ਤੌਰ ਤੇ ਮਿਲ਼ਕੇ ਤੇ ਫੋਨਾਂ ਰਾਹੀਂ ਸੱਦਾ ਪੱਤਰ ਦਿੱਤੇ ਜਾ ਚੁੱਕੇ ਹਨ।ਸਭ ਵਲੋਂ ਮੀਟਿੰਗ ਵਿੱਚ ਪਹੁੰਚਣ ਲਈ ਭਰਵਾਂ ਹੁੰਗਾਰਾ ਭਰਿਆ ਗਿਆ ਹੈ ।ਉਹਨਾਂ ਦੱਸਿਆ ਕਿ 10 ਫ਼ਰਵਰੀ ਦੇ ਨੁਮਾਇੰਦਾ ਇਕੱਠ ਵਿੱਚ ਸਭ ਦੀ ਰਾਏ ਲੈ ਕੇ ਜੋ ਸਰਬਸਾਂਝੀ ਰਾਏ ਉੱਭਰ ਕੇ ਸਾਹਮਣੇ ਆਵੇਗੀ ।ਉਸ ਅਨੁਸਾਰ ਹੀ ਕਨੂੰਨੀ ਲੜਾਈ ਲੜਨ ਤੇ ਲੋਕ ਲਹਿਰ ਖੜ੍ਹੀ ਕਰਨ ਲਈ ਅਹਿਮ ਫੈਸਲੇ ਲਏ ਜਾਣਗੇ।ਉਹਨਾਂ ਇਹ ਵੀ ਦੱਸਿਆ ਕਿ ਜਥੇਦਾਰ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਇਨਸਾਫ਼ ਲੈਣ ਲਈ ਉਹਨਾਂ ਨੂੰ ਭਾਵੇਂ ਕਿੰਨੀ ਲੰਮੀਂ ਲੜਾਈ ਕਿਉਂ ਨਾ ਲੜਨੀ ਪਵੇ।ਉਹ ਹਰ ਹਾਲਤ ਵਿੱਚ ਜਥੇਦਾਰ ਕਾਉਂਕੇ ਦਾ ਇਨਸਾਫ਼ ਲੈ ਕੇ ਰਹਿਣਗੇ।ਇਸੇ ਲਈ ਤਾਂ ਸਭ ਦਾ ਸਾਥ ਲੈਣ ਤੇ ਰਾਇ ਲੈਣ 10 ਫਰਵਰੀ ਦਾ ਨੁਮਾਇੰਦਾ ਇਕੱਠ ਰੌਇਲ ਰਿਟਰੀਟ ਰੀਜ਼ੋਰਟ ਨੇੜੇ ਵੰਡਰਲੈਂਡ ਜਲ਼ੰਧਰ ਵਿਖੇ ਬੁਲਾਇਆ ਗਿਆ ਹੈ।



ਤਾਲਮੇਲ ਇਨਸਾਫ਼ ਕਮੇਟੀ ਦੇ ਆਗੂ ਸਾਹਿਬਾਨ ਅੰਮ੍ਰਿਤਸਰ ਵਿਖੇ ਇੱਕ ਮੀਟਿੰਗ ਦੌਰਾਨ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ, ਭਾਈ ਮੋਹਕਮ ਸਿੰਘ , ਮਨਜੀਤ ਸਿੰਘ ਭੋਮਾ , ਜਥੇਦਾਰ ਜਗਜੀਤ ਸਿੰਘ ਗਾਬਾ , ਸੰਤ ਚਰਨਜੀਤ ਸਿੰਘ ਜੱਸੋਵਾਲ ਆਦਿ ਆਗੂ ਤਸਵੀਰ ਵਿੱਚ ਨਜ਼ਰ ਆ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੀ ਆਰ ਐਮ ਸਕੀਮ ਅਧੀਨ ਦਿਤੀ ਗਈ ਖੇਤੀ ਮਸੀਨਰੀ ਦੀ ਰੀਵੈਰੀਫਿਕੇਸਨ ਦੌਰਾਨ ਹਾਜਿਰ ਨਾ ਪਾਈਆਂ ਗਈਆਂ ਮਸ਼ੀਨਾਂ ਲਈ ਖੇਤੀਬਾੜੀ ਅਧਿਕਾਰੀ/ ਕਰਮਚਾਰੀ ਨੂੰ ਦੋਸ਼ੀ ਠਹਿਰਾਉਣ ਸਬੰਧੀ ਖੇਤੀਬਾੜੀ ਮੁਲਾਜ਼ਮ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਜ਼ਿਲ੍ਹਾ ਪੱਧਰ 'ਤੇ ਰੋਸ ਧਰਨੇ

**ਪਠਾਨਕੋਟ, 7 ਫਰਵਰੀ ( ਆਵਾਜ਼ਿ ਕੌਮ ਬਿਊਰੋ)**-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵਲੋਂ ਸਾਲ 2018 ਤੋਂ ਲੈ ਕੇ ਸਾਲ 2022 ਦੋਰਾਨ ਵਿਭਾਗ ਵਲੋਂ ਸੀ ਆਰ ਐਮ ਸਕੀਮ ਅਧੀਨ ਕਿਸਾਨਾਂ ਨੂੰ ਇਹ ਮਸੀਨਰੀ ਮੁਹੈਈਆ ਕਰਵਾਈ ਗਈ ਸੀ । ਇਸ ਮਸੀਨਰੀ ਰਾਹੀਂ ਪਰਾਲੀ ਨੂੰ ਇਕਠਾ ਕਰਨ ਦਾ ਪਰਬੰਧ ਕੀਤਾ ਜਾਦਾਂ ਹੈ। ਇਸ ਮਸੀਨਰੀ ਤੇ

ਆਵਾਜ਼ਿ ਕੌਮ AWAZE QAUM International Newspaper & WEB TV

ਕਿਸਾਨਾਂ ਨੂੰ ਸਬਸਿਡੀ ਵੀ ਦਿਤੀ ਜਾਦੀਂ ਹੈ ।ਇਸ ਮਸੀਨਰੀ ਸਬੰਧੀ ਬਕਾਇਦਾ ਵਿਭਾਗ ਵਲੋਂ ਸਬਸਿਡੀ ਦਾ ਇਸਤਿਹਾਰ ਜਾਰੀ ਕੀਤਾ ਜਾਦਾਂ ਹੈ ਤੇ ਬਾਦ ਵਿਚ ਮਸੀਨਰੀ ਸਬੰਧੀ ਦਰਖਾਸਤਾਂ ਖੇਤੀਬਾੜੀ ਵਿਭਾਗ ਦੇ ਦਫਤਰਾਂ/ ਆਨਲਾਈਨ ਪੋਰਟਲ ਤੇ ਜਮਾਂ ਕਰਵਾਇਆਂ ਜਾਦੀਆਂ ਹਨ । ਜਿਸ ਉਪਰੰਤ ਜਿਲਾ ਪਰਸਾਸਨ (ਡੀ ਐਲ ਈ ਸੀ) ਵਲੋਂ ਡਰਾਅ ਕਢਿਆ ਜਾਦਾਂਹੈ ।ਡਰਾਅ ਮੁਤਾਬਕ ਮੰਨਜੂਰੀ ਪਤਰ ਵੀ ਸਬੰਧਤ ਕਿਸਾਨ ਨੂੰ ਜਾਰੀ ਕੀਤਾ ਜਾਦਾਂ ਹੈ। ਕਿਸਾਨ ਵਲੋਂ ਮਸੀਨ ਦੀ ਖਰੀਦ ਕਰਨ ਤੋਂ ਬਾਦ ਇਸ ਸਬੰਧੀ ਵਿਭਾਗ ਦੇ ਆਧਿਕਾਰੀਆਂ/ ਕਰਮਚਾਰੀਆਂ ਵਲੋ ਕਿਸਾਨ ਦੇ ਘਰ ਜਾ ਕੇ, ਬਲਾਕ ਦਫਤਰ ,ਪਿੰਡ ਦੇ ਸਰਪੰਚ ,ਪਿੰਡ ਦੇ ਨੰਬਰਦਾਰ ਦੀ ਹਾਜਰੀ ਵਿਚ ਮਸੀਨ ਸਬੰਧੀ ਵੈਰੀਫਿਕੇਸਨ ਕੀਤੀ ਜਾਦੀ ਹੈ । ਪਰ ਹੁਨ ,ਰੀ ਵੈਰੀਫਿਕੇਸਨ ਵਿਚ ਮੌਕੇ ਤੇ ਜੇਹੜੇ ਕਿਸਾਨਾਂ ਕੋਲ ਮਸੀਨਾਂ ਹਾਜਿਰ ਨਹੀ ਪਾਇਆਂ ਗਈਆਂ ਉਹਨਾਂ ਲਈ ਖੇਤੀਬਾੜੀ ਵਿਕਾਸ ਅਫਸਰਾਂ ਨੂੰ ਦੋਸੀ ਠਹਿਰਾਇਆ ਜਾ ਰਿਹਾ ਹੈ ਜਿਸ ਦੇ ਸਬੰਧ ਵਿਚ ,ਖੇਤੀਬਾੜੀ ਅਫਸਰ ਐਸੋਸੀਏਸਨ ਪੰਜਾਬ ,ਖੇਤੀਬਾੜੀ ਵਿਸਥਾਰ ਅਫਸਰ ਐਸੋਸੀਏਸਨ ਪੰਜਾਬ ਵਲੋਂ ਜਿਲੇ ਲੈਵਲ ਤੇ ਰੋਸ ਮੁਜਾਹਰਾ ਕੀਤਾ ਜਾ ਰਿਹਾ ਹੈ ।ਇਸ ਰੋਸ ਮੁਜਾਹਾਰੇ ਵਿਚ ਪਿਰਤਪਾਲ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਘੋਹ ਧਾਰ ਕਲਾਂ, ਨਵੀਨ ਗੁਪਤਾ ਖੇਤੀਬਾੜੀ ਵਿਸਥਾਰ ਅਫਸਰ ਦੁਨੇਰਾ ਧਾਰ ਕਲਾਂ, ਖੇਤੀਬਾੜੀ ਵਿਕਾਸ ਅਫਸਰ ਬਮਿਆਲ ,ਖੇਤੀਬਾੜੀ ਵਿਕਾਸ ਅਫਸਰ ਨੰਗਲ ਭੂਰ ,ਖੇਤੀਬਾੜੀ ਵਿਕਾਸ ਅਫਸਰ ਤਾਰਾਗੜ ,ਖੇਤੀਬਾੜੀ ਵਿਕਾਸ ਅਫਸਰ ਸਿਹੋੜਾ ਕਲਾਂ ਹਾਜਿਰ ਸਨ।



# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਕੱਤਰ ਮਨਜੀਤ ਸਿੰਘ ਮੱਲਾ ਨੂੰ ਸਦਮਾ ਛੋਟਾ ਬੇਟਾ ਸੱਚਦੀਪ ਸਿੰਘ ਸਵਰਗਵਾਸ



ਦਿੱਲੀ ਤੋਂ ਆਉਂਦਿਆਂ ਰਾਹ ਵਿੱਚ ਬਹੁਤ ਦੁੱਖਦਾਈ ਤੇ ਦਿਲ ਕਬਾਊ ਖਬਰ ਮਿਲੀ ਕਿ ਮਨਜੀਤ ਸਿੰਘ ਮੱਲਾ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਹੋਣਹਾਰ ਛੋਟਾ ਬੇਟਾ ਸੱਚਦੀਪ ਸਿੰਘ ਦੀ ਉਹਨਾਂ ਦੇ ਗ੍ਰਹਿ ਮੋਗਾ ਵਿਖੇ ਰਾਤ ਨੂੰ ਅਚਾਨਕ ਮੌਤ ਹੋ ਗਈ ਤੇ ਸੋਗ ਦਾ ਮਾਤਮ ਛਾ ਗਿਆ।ਖਬਰ ਸੁਣਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ(ਫਤਹਿ)ਦੇ ਪ੍ਰਧਾਨ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਸਮੁੱਚੀ ਪਾਰਟੀ ਦੇ ਆਗੂਆਂ ਦਰਸ਼ਨ ਸਿੰਘ ਮਾਣੂਕੇ ਸੀਨੀਅਰ ਮੀਤ ਪ੍ਰਧਾਨ ਤੇ ਉਮੀਦਵਾਰ ਲੋਕ ਸਭਾ ਫਰੀਦਕੋਟ 2024,ਸਰਦਾਰ ਰਮਿੰਦਰਜੀਤ ਸਿੰਘ ਮਿੰਟੂ ਸੰਧੂ ਜਥੇਬੰਦਕ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ(ਫਤਿਹ)ਯੂਐਸਏ,ਸਰਦਾਰ ਸਤਨਾਮ ਸਿੰਘ ਬਿਲਾਸਪੁਰ ਸੀਨੀਅਰ ਮੀਤ ਪ੍ਰਧਾਨ ਯੂਥ ਦਲ ਤੇ ਜ਼ਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ(ਫਤਹਿ)ਮੋਗਾ ਸਰਦਾਰ ਕੁਲਵਿੰਦਰ ਸਿੰਘ ਨਿਹਾਲ ਸਿੰਘ ਵਾਲਾ ਸਰਕਲ ਪ੍ਰਧਾਨ ਨਿਹਾਲ ਸਿੰਘ ਵਾਲਾ ਨੂੰ ਨਾਲ ਲੈਕੇ ਅਫਸੋਸ ਕਰਨ ਲਈ ਉਨ੍ਹਾਂ ਦੇ ਭਰਾ ਮੱਖਣ ਸਿੰਘ ਮੱਲਾ ਕੋਲ ਪੁੱਜੇ ਕਿਉਂਕਿ ਇਸ ਸਰਦਾਰ ਮਨਜੀਤ ਸਿੰਘ ਮੱਲਾ ਪਰਿਵਾਰ ਸਮੇਤ ਜੋ ਇਸ ਵਕਤ ਕਨੇਡਾ ਦੀ ਧਰਤੀ ਤੇ ਆਪਣੀ ਧੀ ਰਾਣੀ ਕੋਲੇ ਗਏ ਹਨ।ਇਸ ਦੁੱਖ ਸਮੇਂ ਮਨਜੀਤ ਸਿੰਘ ਮੱਲਾ ਦੇ ਭਰਾ ਮੱਖਣ ਸਿੰਘ ਮੱਲਾ ਤੇ ਮਾਮੇ ਦੇ ਲੜਕੇ ਜੱਗੀ ਨਾਲ ਸਮੇਤ ਸਾਰੇ ਆਗੂਆਂ ਨੇ ਅਫਸੋਸ ਕੀਤਾ।


ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ(ਫਤਹਿ)ਨੇ ਇਸ ਅਚਾਨਕ ਬੇਵਕਤੀ ਮੌਤ ਤੇ ਮਨਜੀਤ ਸਿੰਘ ਮੱਲਾ ਤੇ ਉਹਨਾਂ ਦੇ ਸਮੁੱਚੇ ਪਰਿਵਾਰ ਰਿਸ਼ਤੇਦਾਰਾਂ,ਸਾਕ-ਸਬੰਧੀਆਂ ਤੋਂ ਮਿੱਤਰਾਂ ਨਾਲ ਡੂੰਘੇ ਦੁੱਖ ਦਾ ਇਜਹਾਰ ਕਰਦਾ ਹੈ ਤੇ ਪਰਮਾਤਮਾ ਦੇ ਚਰਨਾਂ ਚ ਅਰਦਾਸ ਕਰਦਾ ਹੈ ਹੇ!ਸੱਚੇ ਪਾਤਸ਼ਾਹ ਉਹਨਾਂ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ੀ ਤੇ ਮਗਰ ਮੱਲਾ ਪਰਿਵਾਰ ਨੂੰ ਭਾਣਾ ਮੰਗਣ ਦਾ ਬਲ ਬਖਸ਼ੀ ਕਿਉਂਕਿ ਸਾਡੇ ਕੋਲ ਇਸ ਤੋਂ ਬਗੈਰ ਕੋਈ ਚਾਰਾ ਹੋਰ ਨਹੀਂ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV

ਧੁਰ ਕੀ ਬਾਣੀ ਸਬਦ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ





ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✦ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446

ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਦੇਗ ਤੇਗ ਫਤਹਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਪੰਥ ਕੀ ਜੀਤ॥

## ਧੰਨ-ਧੰਨ 108
# ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਦਿਹਾੜਾ
# ਮਿਤੀ 16, 17, 18 ਫ਼ਰਵਰੀ 2024 ਨੂੰ

**ਗੁਰਦਵਾਰਾ ਸਾਹਿਬ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਵਿਖੇ ਮਨਾਇਆ ਜਾ ਰਿਹਾ ਹੈ।**



## ਵਿਸ਼ੇਸ਼ ਪ੍ਰੋਗਰਾਮ:

16-2-2024 ਦਿਨ ਸ਼ੁਕਰਵਾਰ
ਅਰੰਭ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ 11 ਵਜੇ ਸਵੇਰੇ।

18-2-2024 ਦਿਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10 ਵਜੇ ਸਵੇਰੇ।

16-17 ਫ਼ਰਵਰੀ ਨੂੰ 7 ਤੋਂ 8 ਵਜੇ ਤਕ ਸ਼ਾਮ ਦੇ ਦੀਵਾਨ ਸਜਣਗੇ

ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ ਜਿਸ ਵਿਚ ਬੁਲਾਰੇ ਅਤੇ ਹੋਰ ਗੁਣੀ ਗਿਆਨੀ ਸੰਗਤਾਂ ਨੂੰ ਵਾਰਾਂ ਰਾਹੀਂ ਨਿਹਾਲ ਕਰਨਗੇ।

ਇਸ ਮੌਕੇ ਗੁਰੂ ਕਾ ਲੰਗਰ ਤਿੰਨੋ ਦਿਨ ਅਤੁੱਟ ਵਰਤੇਗਾ।

ਸਮੂਹ ਸੰਗਤ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਧਾਰਮਿਕ ਸਮਾਗਮ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਵਲੋਂ:-** ਸਮੂਹ ਸੰਗਤ ਅਤੇ ਨਗਰ ਨਿਵਾਸੀ ਪਿੰਡ ਬੱਲੋਵਾਲ (ਸ਼ਹੀਦ ਭਗਤ ਸਿੰਘ ਨਗਰ) ਅਤੇ ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਦੀ ਪ੍ਰਬੰਧਕ ਕਮੇਟੀ।

# Gurdwara Baba Sang Ji

7-9 St. Pauls Road, Smethwick, Birmingham, West Midlands B66 1EE Tel: 0121 558 2681




### ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਕਿਸਾਨ ਮਜ਼ਦੂਰ ਪੱਖੀ ਖੇਤੀ ਨੀਤੀ, ਕਰਜ਼ਾ ਮੁਕਤੀ ਅਤੇ ਹੋਰ ਭਖਦੇ ਕਿਸਾਨੀ ਮੁੱਦਿਆਂ 'ਤੇ

# ਪੰਜਾਬ ਸਰਕਾਰ ਵਿਰੁੱਧ ਡੀ ਸੀ ਦਫ਼ਤਰਾਂ ਅੱਗੇ ਪੰਜ ਰੋਜ਼ਾ ਪੱਕੇ ਮੋਰਚੇ ਸ਼ੁਰੂ





**ਚੰਡੀਗੜ੍ਹ, 6 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਭਖਦੇ ਕਿਸਾਨੀ ਮਸਲਿਆਂ ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ ਡਟਵੇਂ ਸੰਘਰਸ਼ ਦੇ ਪਹਿਲੇ ਪੜਾਅ 'ਤੇ ਦਿਨ ਰਾਤ ਦੇ ਜ਼ਲ੍ਹਿਾ ਪੱਧਰੇ ਪੰਜ ਰੋਜ਼ਾ ਪੱਕੇ ਮੋਰਚੇ ਅੱਜ ਤੋਂ ਸ਼ੁਰੂ ਕਰ ਦਿੱਤੇ ਗਏ ਹਨ। ਪ੍ਰੈੱਸ ਦੇ ਨਾਂ ਇੱਥੇ ਜਾਰੀ ਕੀਤੇ ਗਏ ਸਾਂਝੇ ਬਿਆਨ ਰਾਹੀਂ ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਸਖ਼ਤ ਠੰਢ ਦੇ ਬਾਵਜੂਦ ਪਹਿਲੇ ਦਿਨ 16 ਜ਼ਲ੍ਹਿਆਂ ਵਿੱਚ ਕਈ ਸੈਂਕੜੇ ਔਰਤਾਂ ਅਤੇ ਭਾਰੀ ਗਿਣਤੀ ਨੌਜਵਾਨਾਂ ਸਮੇਤ ਕੁੱਲ ਮਿਲਾ ਕੇ ਹਜ਼ਾਰਾਂ ਦੀ ਤਾਦਾਦ ਵਿੱਚ ਕਿਸਾਨ ਮਜ਼ਦੂਰ ਇਸ ਮੋਰਚੇ ਵਿੱਚ ਸ਼ਾਮਲ ਹੋਏ। ਥਾਂ ਥਾਂ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਇੱਕਸੁਰ ਹੋ ਕੇ ਕਿਹਾ ਕਿ ਕਿਸਾਨਾਂ ਦੀ ਪਿੱਠ 'ਚ ਛੁਰਾ ਮਾਰਨ ਦੇ ਤੁਲ ਆਪ ਦੀ ਮਾਨ ਸਰਕਾਰ ਵੱਲੋਂ ਕਿਸਾਨ ਮਜ਼ਦੂਰ ਪੱਖੀ ਖੇਤੀ ਨੀਤੀ ਬਣਾਉਣ ਪ੍ਰਤੀ ਕੀਤੀ ਵਾਅਦਾਖਿਲਾਫੀ ਅਤੇ ਭਖਦੇ ਕਿਸਾਨੀ ਮਸਲਿਆਂ ਪ੍ਰਤੀ ਧਾਰੀ ਹੋਈ ਮੁਜਰਮਾਨਾ ਚੁੱਪ ਹੀ ਇਹਦੇ ਵਿਰੁੱਧ ਪੱਕਾ ਮੋਰਚਾ ਲਾਉਣ ਦਾ ਆਧਾਰ ਬਣੀ ਹੈ। ਮੋਰਚੇ ਦੇ ਮੁੱਦਿਆਂ ਬਾਰੇ ਉਨ੍ਹਾਂ ਦੱਸਿਆ ਕਿ ਕਿਸਾਨ ਮਜ਼ਦੂਰ ਪੱਖੀ ਖੇਤੀ ਨੀਤੀ ਤੁਰੰਤ ਜਾਰੀ ਕਰਵਾਉਣ ਤੋਂ ਇਲਾਵਾ ਕਿਸਾਨਾਂ ਮਜ਼ਦੂਰਾਂ ਨੂੰ ਖ਼ੁਦਕੁਸ਼ੀਆਂ ਲਈ ਮਜਬੂਰ ਕਰ ਰਹੇ ਸਮੁੱਚੇ ਕਰਜ਼ਿਆਂ ਦਾ ਖਾਤਮਾ; ਕਰਜਾਗ੍ਰਸਤ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ 10-10 ਲੱਖ ਰੁਪਏ ਤੇ 1-1 ਪੱਕੀ ਨੌਕਰੀ ਅਤੇ ਮੁਕੰਮਲ ਕਰਜ਼ਾ ਮੁਕਤੀ ਦੀ ਰਾਹਤ ਤੁਰੰਤ ਦੇਣ; ਪੰਜਾਬ ਦੀ ਜਵਾਨੀ ਨੂੰ ਮੌਤ ਦੇ ਮੂੰਹ ਧੱਕ ਰਹੇ ਤੇ ਗੁੰਡਾਗਰਦੀ ਨੂੰ ਸਿਖਰੀਂ ਪਹੁੰਚਾ ਰਹੇ ਚਿੱਟੇ ਵਰਗੇ ਸਿੰਥੈਟਿਕ ਨਸ਼ਿਆਂ ਦੇ ਖਾਤਮੇ ਲਈ ਉਤਪਾਦਕ ਫੈਕਟਰੀਆਂ ਦੇ ਮਾਲਕਾਂ/ਥੋਕ ਵਪਾਰੀਆਂ/ਸਮਗਲਰਾਂ ਤੇ ਉਨ੍ਹਾਂ ਦੇ ਸਰਪ੍ਰਸਤ ਸਿਆਸਤਦਾਨਾਂ ਤੇ ਪੁਲਿਸ/ਸਿਵਲ ਅਫ਼ਸਰਸ਼ਾਹੀ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ; ਹੜ੍ਹਾਂ, ਫਸਲੀ ਰੋਗਾਂ, ਨਕਲੀ ਬੀਜਾਂ ਦਵਾਈਆਂ ਆਦਿ ਨਾਲ ਹੋਈ ਫ਼ਸਲੀ ਤਬਾਹੀ ਦੀ ਪੂਰੀ ਭਰਪਾਈ ਵਾਲਾ ਮੁਆਵਜ਼ਾ ਏਕੜ ਨੂੰ ਆਧਾਰ ਮੰਨ ਕੇ ਕਾਸ਼ਤਕਾਰਾਂ ਨੂੰ ਤੁਰੰਤ ਦੇਣ; ਕਾਸ਼ਤਕਾਰਾਂ ਦੀ ਜ਼ਮੀਨੀ ਤੋਟ ਪੂਰੀ ਕਰਨ ਤੇ ਆਬਾਦਕਾਰ ਕਿਸਾਨਾਂ ਮਜ਼ਦੂਰਾਂ ਨੂੰ ਕਾਬਜ਼ ਜ਼ਮੀਨਾਂ ਦੇ ਮਾਲਕੀ ਹੱਕ ਤੁਰੰਤ ਦੇਣ; ਹਰ ਬਾਲਗ ਪੰਜਾਬੀ ਨੂੰ ਪੱਕਾ ਰੁਜ਼ਗਾਰ ਦੇਣ; 60 ਸਾਲ ਤੋਂ ਵੱਧ ਉਮਰ ਦੇ ਹਰ ਕਿਸਾਨ ਮਜ਼ਦੂਰ ਮਰਦ ਔਰਤ ਨੂੰ 10000 ਰੁਪਏ ਮਹੀਨਾ ਪੈਨਸ਼ਨ ਦੇਣ; ਅਵਾਰਾ ਪਸ਼ੂਆਂ ਤੇ ਕੁੱਤਿਆਂ ਸਮੇਤ ਸੂਰਾਂ ਦਾ ਸਥਾਈ ਹੱਲ ਕਰਨ; ਸਰਕਾਰੀ ਪ੍ਰਬੰਧਾਂ ਦੀ ਘਾਟ ਕਾਰਨ ਪਰਾਲ਼ੀ ਸਾੜਨ ਲਈ ਮਜਬੂਰ ਕਿਸਾਨਾਂ ਉੱਤੇ ਮੜ੍ਹੇ ਗਏ ਜੁਰਮਾਨੇ, ਪੁਲਿਸ ਕੇਸ ਤੇ ਲਾਲ ਐਂਟਰੀਆਂ ਰੱਦ ਕਰਨ; ਹਰ ਖੇਤ ਤੱਕ ਨਹਿਰੀ ਪਾਣੀ ਪੁੱਜਦਾ ਕਰਨ ਅਤੇ ਫਾਲਤੂ ਦਰਿਆਈ ਪਾਣੀ ਸਮੇਤ ਹੜ੍ਹਾਂ ਦਾ ਪਾਣੀ ਧਰਤੀ ਵਿੱਚ ਮੁੜ-ਭਰਾਈ ਕਰਨ; ਗੰਨਾ ਉਤਪਾਦਕਾਂ ਦੇ ਮਿੱਲਾਂ ਵੱਲ ਖੜ੍ਹੇ ਕ੍ਰੋੜਾਂ ਰੁਪਏ ਦੇ ਬਕਾਏ ਤੁਰੰਤ ਅਦਾ ਕਰਨ ਅਤੇ ਗੰਨੇ ਦਾ ਰੇਟ 450 ਰੁਪਏ ਪ੍ਰਤੀ ਕੁਇੰਟਲ ਕਰਨ; ਹਰ ਕਿਸਮ ਦੀ ਫਸਲੀ ਤਬਾਹੀ ਦੀ ਪੂਰੀ ਭਰਪਾਈ ਵਾਲ਼ਾ ਫ਼ਸਲੀ ਬੀਮਾ ਸਰਕਾਰੀ ਖਰਚੇ 'ਤੇ ਕਰਨ; ਖੇਤੀ ਮੋਟਰਾਂ ਅਤੇ ਘਰੇਲੂ ਬਿਜਲੀ ਸਮਾਰਟ ਮੀਟਰ ਲਾਉਣੇ ਬੰਦ ਕਰਨ ਵਰਗੇ ਹੋਰ ਕਈ ਮੁੱਦੇ ਇਸ ਸੰਘਰਸ਼ ਦਾ ਅਹਿਮ ਹਿੱਸਾ ਹਨ। ਇਕੱਠਾਂ ਨੂੰ ਸੰਬੋਧਨ ਕਰਨ ਵਾਲੇ ਹੋਰ ਮੁੱਖ ਬੁਲਾਰਿਆਂ ਵਿੱਚ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਹਰਦੀਪ ਸਿੰਘ ਟੱਲੇਵਾਲ, ਜਨਕ ਸਿੰਘ ਭੁਟਾਲ, ਜਗਤਾਰ ਸਿੰਘ ਕਾਲਾਝਾੜ, ਹਰਿੰਦਰ ਕੌਰ ਬਿੰਦੂ ਕਮਲਜੀਤ ਕੌਰ ਬਰਨਾਲਾ, ਕੁਲਦੀਪ ਕੌਰ ਕੁੱਸਾ ਅਤੇ ਜ਼ਲ੍ਹਿਾ/ਬਲਾਕ ਪੱਧਰੇ ਸਥਾਨਕ ਆਗੂ ਸ਼ਾਮਲ ਸਨ। ਫ਼ਸਲੀ ਤਬਾਹੀਆਂ ਦੇ ਮੁਆਵਜ਼ੇ ਤੇ ਸ਼ਹੀਦ ਕਿਸਾਨਾਂ ਮਜਦੂਰਾਂ ਦੇ ਵਾਰਸਾਂ ਨੂੰ ਨੌਕਰੀਆਂ ਲੈਣ ਲਈ ਅਤੇ ਜ਼ਮੀਨਾਂ ਤੇ ਘਰ ਜ਼ਬਰਦਸਤੀ ਅਕਵਾਇਰ/ਨਿਲਾਮ ਕਰਨ ਵਿਰੁੱਧ ਮਹੀਨਿਆਂ ਬੱਧੀ ਚੱਲ ਰਹੇ ਪੱਕੇ ਮੋਰਚਿਆਂ ਨੂੰ ਨਜ਼ਰਅੰਦਾਜ਼ ਕਰਨਾ ਮਾਨ ਸਰਕਾਰ ਦੇ ਕਿਸਾਨ ਮਜ਼ਦੂਰ ਵਿਰੋਧੀ ਕਿਰਦਾਰ ਉੱਤੇ ਮੋਹਰ ਲਾਉਂਦਾ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ 10 ਫ਼ਰਵਰੀ ਤੱਕ ਜ਼ਲ੍ਹਿਾ ਪੱਧਰੇ ਪੰਜ ਰੋਜ਼ਾ ਧਰਨਿਆਂ ਦੀ ਆਵਾਜ਼ ਨੂੰ ਵੀ ਮਾਨ ਸਰਕਾਰ ਵੱਲੋਂ ਅਣਸੁਣੀ ਕਰਨ ਦੀ ਸੂਰਤ ਵਿੱਚ ਮੋਰਚੇ ਦਾ ਅਗਲਾ ਪੜਾਅ ਚੰਡੀਗੜ੍ਹ ਵਿਖੇ ਪੱਕਾ ਮੋਰਚਾ ਹੋਵੇਗਾ, ਜਿਸਦਾ ਠੋਸ ਐਲਾਨ 10 ਫ਼ਰਵਰੀ ਨੂੰ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV






ਕਾਂਗਰਸੀ ਲੀਡਰਸ਼ਪਿ ਵੱਲੋਂ ਸਮਰਾਲਾ ਵਿਖੇ 11 ਫਰਵਰੀ ਨੂੰ ਹੋਣ ਜਾ ਰਹੀ ਕੰਨਵੈਨਸ਼ਨ ਲਈ ਜਗ੍ਹਾ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਕੈਪਟਨ ਸੰਦੀਪ ਸੰਧੂ ਜੀ, ਸਾਬਕਾ ਵਿਧਾਇਕ ਅਤੇ ਜ਼ਲ੍ਹਿਾ ਪ੍ਰਧਾਨ ਸ. ਲਖਵੀਰ ਸਿੰਘ ਲੱਖਾ ਜੀ ਅਤੇ ਸ. ਰੁਪਿੰਦਰ ਸਿੰਘ ਰਾਜਾ ਗਿੱਲ ਜੀ ਸਮੇਤ ਹੋਰ ਕਾਂਗਰਸੀ ਆਗੂ ਅਤੇ ਅਹੁਦੇਦਾਰ ਮੌਜੂਦ ਸਨ। ਇਹ ਪੰਜਾਬ ਵਿੱਚ ਪਹਿਲੀ ਵਾਰ ਹੈ ਜਦੋਂ ਅਜਿਹੀ ਕੰਨਵੈਨਸ਼ਨ ਹੋਣ ਜਾ ਰਹੀ, ਜਿਸ ਵਿੱਚ ਕੌਮੀ ਪ੍ਰਧਾਨ ਸ਼੍ਰੀ ਮਲਿਕਅਰਜੁਨ ਖੜਗੇ ਜੀ ਉਚੇਚੇ ਤੌਰ 'ਤੇ ਸ਼ਰਿਕਤ ਕਰਕੇ ਸਮੂਹ ਅਹੁਦੇਦਾਰ ਸਹਿਬਾਨਾਂ ਨਾਲ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨਗੇ। ਪੰਜਾਬ ਕਾਂਗਰਸ ਦੇ ਪ੍ਰਧਾਨ ਸ. ਅਮਰਿੰਦਰ ਸਿੰਘ ਰਾਜਾ ਵੜਿੰਗ ਜੀ ਦੀ ਮਿਹਨਤ ਦਾ ਸਦਕਾ ਕਾਂਗਰਸ ਵੱਧ ਫੁੱਲ ਰਹੀ ਹੈ।

(ਫੋਟੋ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਵੱਡਾ ਜੇਰਾ ਰੱਖ ਪੰਜਾਬੀ ਬੋਲੀ ਲਈ

ਵੱਡਾ ਜੇਰਾ ਰੱਖ ਪੰਜਾਬੀ ਬੋਲੀ ਲਈ।
ਹੋ ਦੁਨੀਆਂ ਤੋਂ ਵੱਖ ਪੰਜਾਬੀ ਬੋਲੀ ਲਈ।

ਸੁਰਖੀ ਪਉਡਰ ਲਾਉਣੇ ਸਾਰੇ ਛੱਡ ਪਰ੍ਹੇ
ਮਲ਼ ਬੁੱਲਾਂ ਤੇ ਸੱਕ ਪੰਜਾਬੀ ਬੋਲੀ ਲਈ।

ਊਣੇ ਭਾਂਡੇ ਵਾਂਗੂੰ ਐਵੇਂ ਛਲਕੀਂ ਨਾ
ਭਰਜਾ ਨੱਕੋਂ-ਨੱਕ ਪੰਜਾਬੀ ਬੋਲੀ ਲਈ।

ਲਾਲਚ ਦੇ ਵਿੱਚ ਆ ਕੇ ਸਾਰੀ ਵੇਚੀਂ ਨਾ
ਵਿੱਘਾ, ਮਰਲਾ ਰੱਖ ਪੰਜਾਬੀ ਬੋਲੀ ਲਈ।

ਪੌਂਟ, ਪੈਨ ਤੂੰ ਧਰਦੇ ਸਾਰੇ ਇੱਕ ਪਾਸੇ
ਕੁੱਜੇ, ਬਠਲ਼ੇ ਚੱਕ ਪੰਜਾਬੀ ਬੋਲੀ ਲਈ।

ਸ਼ਹਿਦ ਚਟਾਕੇ ਪਾਲ਼ੇ ਜੋ ਪੰਜਾਬੀ ਨੇ
ਉਹ ਕਿਉਂ ਕੌੜੇ ਅੱਕ ਪੰਜਾਬੀ ਬੋਲੀ ਲਈ।

ਮਹਿਲਾਂ ਉੱਤੇ ਕਬਜ਼ਾ ਹਾਲੇ ਹੋਰਾਂ ਦਾ
ਖ਼ੂਹ ਤੇ ਬੇਲੇ ਲੱਖ ਪੰਜਾਬੀ ਬੋਲੀ ਲਈ।

ਮੈਂ ਵੀ ਜਾ ਕੇ ਆਖਾਂਗਾ ਸਰਕਾਰਾਂ ਨੂੰ
ਤੂੰ ਵੀ ਗੇੜਾ ਰੱਖ ਪੰਜਾਬੀ ਬੋਲੀ ਲਈ।

ਜੇ ਹੋਏ ਤਾਂ ਸਾਡੇ ਸਭ ਦੇ ਰਹਿ ਜਾਂਣੇ
ਸਾਡੇ ਪੱਲੇ ਕੱਖ ਪੰਜਾਬੀ ਬੋਲੀ ਲਈ।

ਹੋਰਾਂ ਦੇ ਲਈ ਟੁਕੜੇ ਟੁਕੜੇ ਵੰਡਿਆ ਮੈਂ
ਕੱਠਾ ਇੱਕੋ ਟੱਕ ਪੰਜਾਬੀ ਬੋਲੀ ਲਈ।




ਆਵਾਜ਼ਿ ਕੌਮ AWAZE QAUM International Newspaper & WEB TV

-ਰੁਪਿੰਦਰ ਸਿੰਘ ਦਿਓਲ, ਕੈਲਗਰੀ










ਸੂਬਿਆਂ ਨੂੰ ਵੱਧ ਵਿੱਤੀ ਅਧਿਕਾਰਾਂ ਲਈ ਮੁੱਖ ਮੰਤਰੀ ਸਮੇਤ ਕਰਨਾਟਕਾ ਦੀ ਸਾਰੀ ਸਰਕਾਰ, ਸੰਸਦ ਮੈਂਬਰ, ਵਿਧਾਨ ਸਭਾ ਅਤੇ ਵਿਧਾਨ ਪ੍ਰੀਸ਼ਦ ਮੈਂਬਰ ਅੱਜ ਦਿੱਲੀ ਪਹੁੰਚ ਆਪਣੇ ਹੱਕਾਂ ਲਈ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਓਹਨਾਂ ਨੂੰ ਸਮੱਰਥਨ ਦਿੰਦਿਆਂ ਕੇਰਲਾ ਅਤੇ ਤਾਮਿਲਨਾਡੂ ਦੀਆਂ ਸਰਕਾਰਾਂ ਵੀ ਸਘੰਰਸ਼ ਦਾ ਹਿੱਸਾ ਬਣਨ ਲਈ ਤਿਆਰ ਹਨ। ਸੂਬਿਆਂ ਦੇ ਵੱਧ ਅਧਿਕਾਰਾਂ ਲਈ ਹਮੇਸ਼ਾ ਮੂਹਰੇ ਹੁੰਦਾ ਪੰਜਾਬ ਅੱਜ ਸੂਬੇ ਦੇ ਅਧਿਕਾਰਾਂ ਲਈ ਸਘੰਰਸ਼ ਕਰਨ ਵਾਲੇ ਲੀਡਰਾਂ ਤੋਂ ਖਾਲੀ ਹੋਇਆ ਜਾਪਦਾ ਹੈ, ਨਹੀਂ ਸੂਬਿਆਂ ਦੀ ਇਸ ਲੜਾਈ ਵਿੱਚ ਪੰਜਾਬ ਦੇ ਸਿਆਸਤਦਾਨ ਪਹਿਲੀ ਕਤਾਰ ਵਿੱਚ ਖੜ੍ਹੇ ਨਜ਼ਰ ਆਉਂਦੇ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)




## ਸਿੰਘ ਸਾਹਿਬ ਭਾਈ ਕਾਉਂਕੇ ਮਾਮਲੇ 'ਤੇ ਇਨਸਾਫ਼ ਵਾਸਤੇ


# ਜਲੰਧਰ ਵਿੱਚ ਬੁਲਾਇਆ ਇਕੱਠ ਹੁਣ ਜਲੰਧਰ-ਨਕੋਦਰ ਰੋਡ ਰੌਇਲ ਰਿਜ਼ੋਰਟ (ਤਾਜਪੁਰ) ਵਿਖੇ ਹੋਵੇਗਾ : ਤਾਲਮੇਲ ਕਮੇਟੀ

ਆਵਾਜ਼ਿ ਕੌਮ AWAZE QAUM International Newspaper & WEB TV

ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜ਼ਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਸਬੰਧੀ ਇਨਸਾਫ਼ ਲੈਣ ਲਈ ਆਰੰਭੀ ਗਈ ਮੁਹਿੰਮ ਤਹਿਤ 10 ਫਰਵਰੀ ਨੂੰ ਜਲੰਧਰ ਵਿਖੇ ਨੁਮਾਇੰਦਾ ਇਕੱਠ ਰੱਖਿਆ ਗਿਆ ਹੈ। ਇਸ ਇਕੱਠ ਵਿਚ ਵਕੀਲ, ਕਿਸਾਨ ਜਥੇਬੰਦੀਆਂ, ਫੈਡਰੇਸ਼ਨਾਂ, ਸੰਤ ਮਹਾਂਪੁਰਸ਼, ਨਿਹੰਗ ਸਿੰਘ ਜਥੇਬੰਦੀਆਂ, ਵੱਖ-ਵੱਖ ਸੰਪਰਦਾਵਾਂ, ਦਿੱਲੀ ਗੁਰਦੁਆਰਾ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਸਾਹਿਬਾਨ, ਸਿਆਸੀ ਜਥੇਬੰਦੀਆਂ, ਵਪਾਰ ਮੰਡਲ ਦੇ ਆਗੂ ਅਤੇ ਹੋਰ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਇਸ ਇਕੱਠ ਦੇ ਆਯੋਜਨ ਲਈ ਬਣੀ ਤਾਲਮੇਲ ਕਮੇਟੀ ਨੇ ਕਿਹਾ ਹੈ ਕਿ 1 ਜਨਵਰੀ 1993 ਨੂੰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਜੀ ਨੂੰ ਘੋਰ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਇਸ ਦੀ ਤਫ਼ਤੀਸ਼ ਸਬੰਧੀ ਬੀ.ਪੀ. ਤਿਵਾੜੀ ਨਿਯੁੱਕਤ ਹੋਇਆ ਸੀ। ਇਸ ਕਮਿਸ਼ਨ ਦੀ ਰਿਪੋਰਟ ਨੂੰ ਹੁਣ ਤੱਕ ਦੀਆਂ ਸਰਕਾਰਾਂ ਨੇ ਦਬਾਈ ਰੱਖਿਆ ਹੈ। ਮਨੁੱਖੀ



ਅਧਿਕਾਰ ਨੁਮਾਇੰਦਿਆਂ ਨੇ ਭਾਰੀ ਮੇਹਨਤ ਕਰਕੇ ਇਸ ਰਿਪੋਰਟ ਨੂੰ ਕੇਵਲ ਜਨਤਕ ਹੀ ਨਹੀਂ ਕੀਤਾ ਬਲਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਵੀ ਇਹ ਰਿਪੋਰਟ ਸੌਂਪੀ। ਸਿੰਘ ਸਾਹਿਬ ਭਾਈ ਕਾਉਂਕੇ ਦੇ ਕਾਤਲਾਂ ਨੂੰ ਸਜਾਵਾਂ ਦਵਾਉਣ ਲਈ 10 ਫਰਵਰੀ ਨੂੰ ਜਲੰਧਰ ਵਿੱਖੇ ਹੋਣ ਵਾਲੇ ਇਕੱਠ ਲਈ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ। ਸੰਗਤਾਂ ਦੇ ਇਸ ਉਤਸ਼ਾਹ ਨੂੰ ਦੇਖਦਿਆਂ ਤਾਲਮੇਲ ਕਮੇਟੀ ਨੂੰ ਇਸ ਇਕੱਠ ਦਾ ਸਥਾਨ ਬਦਲਣਾ ਪਿਆ ਹੈ। ਪਹਿਲਾਂ ਇਹ ਇਕੱਠ ਗੁਰਦੁਆਰਾ ਪਾਤਸ਼ਾਹੀ ਨੌਵੀਂ, ਗੁਰੂ ਤੇਗ ਬਹਾਦਰ ਨਗਰ ਵਿਖੇ ਰੱਖਿਆ ਗਿਆ ਸੀ ਪਰ ਹੁਣ ਉਥੇ ਟਰੈਫਿਕ ਦੀ ਭਾਰੀ ਸਮੱਸਿਆਂ ਨੂੰ ਸਾਹਮਣੇ ਰਖਦਿਆਂ ਇਹ ਇਕੱਠ ਹੁਣ ਜਲੰਧਰ-ਨਕੋਦਰ ਰੋਡ 'ਤੇ ਪਿੰਡ ਤਾਜਪੁਰ ਨੇੜੇ ਰੌਇਲ ਰਿਟਰੀਟ ਰਿਜ਼ੋਰਟ (ਨੇੜੇ ਵੰਡਰਲੈਂਡ) ਵਿਖੇ ਕੀਤਾ ਜਾ ਰਿਹਾ ਹੈ। ਆਉਣ ਵਾਲੀਆਂ ਸੰਗਤਾਂ ਲਈ ਇਸ ਸਥਾਨ ਦੀ ਲੋਕੇਸ਼ਨ ਵੀ ਜਾਰੀ ਕੀਤੀ ਗਈ ਹੈ ਤਾਂ ਕਿ ਸਾਰੀਆਂ ਸੰਗਤਾਂ ਆਰਾਮ ਨਾਲ ਮਿੱਥੇ ਸਥਾਨ 'ਤੇ ਸਮੇਂ ਸਿਰ ਪਹੁੰਚ ਸਕਣ। ਇਸ ਇਕੱਠ ਵਿੱਚ ਖੁੱਲ੍ਹੀਆਂ ਵਿਚਾਰਾਂ ਹੋਣਗੀਆਂ ਅਤੇ ਤਿਵਾੜੀ ਰਿਪੋਰਟ ਅਨੁਸਾਰ ਦੋਸ਼ੀ ਠਹਿਰਾਏ ਗੁਰਮੀਤ ਸਿੰਘ ਇੰਸਪੈਕਟਰ ਖਿਲਾਫ ਕੇਸ ਦਰਜ ਕਰਨ ਸਮੇਤ ਹੋਰ ਸਾਰੇ ਦੋਸ਼ੀਆਂ ਦੀ ਸੱਚਾਈ ਸਾਹਮਣੇ ਲਿਆਉਣ ਲਈ ਲਾਮਬੰਦੀ ਕੀਤੀ ਜਾਵੇਗੀ। ਇਕੱਠ ਵਿੱਚ ਸੰਗਤਾਂ ਵੱਲੋਂ ਅਕਾਲੀ ਸਰਕਾਰ ਸਮੇਂ ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਦਿੱਤੇ ਗਏ ਫਖ਼ਰ-ਏ-ਕੌਮ ਅਤੇ ਪੰਥ ਰਤਨ ਐਵਾਰਡ ਵਾਪਸ ਲੈਣ ਦੀ ਵੀ ਮੰਗ ਕੀਤੀ ਜਾਵੇਗੀ ਅਤੇ ਇਨ੍ਹਾਂ ਐਵਾਰਡਾਂ ਦੇ ਅਸਲੀ ਹੱਕਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਇਹ ਐਵਾਰਡ ਦੇਣ ਲਈ ਮੰਗ ਵੀ ਕੀਤੀ ਜਾਵੇਗੀ।




ਆਵਾਜ਼ਿ ਕੌਮ AWAZE QAUM International Newspaper & WEB TV

**The Royal Retreat Resort**

Village Tajpur, Nakoder Road, Near Wonder Land Jalandhar City, Punjab 144003

ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਬੰਨ੍ਹ ਸ਼ਸ਼ਤਰੀ ਜੋੜ ਵਿਛੋੜ ਸੁਟੇ
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁਟੇ।

ਦੇਗ ਤੇਗ ਫਤਿਹ — ਪੰਥ ਕੀ ਜੀਤ

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।

ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕ੍ਰਿਪਾ ਸਦਕਾ

# ਅਮਰ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਿਆਂ ਦਾ ਸਲਾਨਾ

# ਸ਼ਹੀਦੀ ਜੋੜ ਮੇਲਾ



ਗੁਰਦੁਆਰਾ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ, ਪਿੰਡ ਫਤਿਹਗੜ੍ਹ ਸਭਰਾ, ਤਹਿ: ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ
ਮਿਤੀ 1 ਫਰਵਰੀ ਤੋਂ 10 ਫਰਵਰੀ 2024 (ਮੁਤਾਬਿਕ 19 ਮਾਘ ਤੋਂ 28 ਮਾਘ) ਦਿਨ ਵੀਰਵਾਰ ਤੋਂ ਸ਼ਨੀਵਾਰ ਤੱਕ

ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਤਾਰਾ ਸਿੰਘ ਜੀ ਦੇ ਚਰਨ ਸੇਵਕ ਸੰਤ ਬਾਬਾ ਘੋਲਾ ਸਿੰਘ ਜੀ ਕਾਰ ਸੇਵਾ ਸਰਹਾਲੀ ਸਾਹਿਬ ਵਾਲੇ ਮੁੱਖ ਸੇਵਾਦਾਰ ਬਾਬਾ ਸ਼ਿੰਦਰ ਸਿੰਘ ਜੀ ਸਭਰਾਵਾਂ ਵਾਲੇ

**ਅਤੇ ਸਮੂਹ ਨਗਰ ਨਿਵਾਸੀ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ**

ਬਹੁਤ ਪਿਆਰ-ਸਤਿਕਾਰ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤਾਂ ਨੂੰ ਬੇਨਤੀ ਹੈ ਕਿ ਦਿੱਤੇ ਸਮੇਂ ਮੁਤਾਬਿਕ ਦੀਵਾਨਾਂ ਦੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਇਲਾਕਾ ਨਿਵਾਸੀ ਸਾਧ ਸੰਗਤ ਜੀਓ

ਸਰਦਾਰ ਸ਼ਾਮ ਸਿੰਘ ਅਟਾਰੀ ਵਾਲਿਆਂ ਨੂੰ ਲਾਹੌਰ ਦਰਬਾਰ ( ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ) ਵਿੱਚ ਵਿਸ਼ੇਸ਼ ਮਾਣ ਪ੍ਰਾਪਤ ਸੀ। ਮਹਾਰਾਜਾ ਸਾਹਿਬ ਨਾਲ ਬਹੁਤ ਨੇੜੇ ਸਬੰਧ ਹੋਣ ਕਰਕੇ 1837 ਈ: ਵਿੱਚ ਉਹਨਾਂ ਦੀ ਬੇਟੀ ਬੀਬੀ ਨਾਨਕੀ ਜੀ ਦਾ ਆਨੰਦ ਕਾਰਜ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਹੋਇਆ ਸੀ। ਸ: ਸ਼ਾਮ ਸਿੰਘ ਅਟਾਰੀ ਜੀ ਲਾਹੌਰ ਦਰਬਾਰ ਦੇ ਕਮਾਂਡਰ ਸਨ।1838 ਈ: ਨੂੰ ਫਿਰੋਜ਼ਸ਼ਾਹ ਨੂੰ ਬਰਤਾਨਵੀ ਛਾਉਣੀ ਵਿੱਚ ਬਦਲ ਦਿੱਤਾ ਗਿਆ ਸੀ।ਅੰਗਰੇਜ ਸਰਕਾਰ ਪੰਜਾਬ ਤੇ ਪੂਰੀ ਤਰ੍ਹਾਂ ਹਮਲੇ ਲਈ ਤਿਆਰ ਸੀ। ਅੱਧੀ ਫੌਜ ਨੂੰ ਮੁੱਦਕੀ ਅਤੇ ਅੱਧੀ ਫੌਜ ਨੂੰ ਫਿਰੋਜ਼ਸ਼ਾਹ ਵਿਖੇ ਤਾਇਨਾਤ ਕਰ ਦਿੱਤਾ 121,22 ਦਸੰਬਰ 1845 ਈ: ਨੂੰ ਫਿਰੋਜ਼ਸ਼ਾਹ ਵਿਖੇ ਸਿੱਖਾਂ ਅਤੇ ਅੰਗਰੇਜਾਂ ਦੀ ਗਹਿਗੱਚ ਲੜਾਈ ਹੋਈ,ਇੱਥੇ ਤੇਜਾ ਸਿੰਘ ਅਤੇ ਲਾਲ ਸਿੰਘ ਨੇ ਆਪਣੀ ਨੀਚਤਾ ਅਤੇ ਗਦਾਰੀ ਦਾ ਨੰਗਾ ਚਿੱਟਾ ਰੂਪ ਵਿਖਾਇਆ।ਇਹਨਾਂ ਤੋਂ ਵੱਧ ਕੇ ਗੁਲਾਬ ਸਿੰਘ ਨੇ ਗਦਾਰੀ ਕਰਦਿਆਂ ਸਿੱਖ ਫੌਜ ਦੀ ਪਿੱਠ ਵਿੱਚ ਛੁਰਾ ਮਾਰਿਆ।10 ਫਰਵਰੀ 1846 ਨੂੰ ਸਭਰਾਵਾਂ ਵਿਖੇ ਸਿੱਖਾਂ ਅਤੇ ਅੰਗਰੇਜਾਂ ਦੀ ਜੰਗ ਹੋਈ।ਸਰਦਾਰ ਸ਼ਾਮ ਸਿੰਘ ਅਟਾਰੀ ਜੀ ਫੌਜਾਂ ਨੂੰ ਹੱਲਾ ਸ਼ੇਰੀ ਦਿੰਦਿਆਂ ਹੋਇਆਂ ਆਪ ਮੈਦਾਨ ਵਿੱਚ ਕੁੱਦ ਪਏ ਅਤੇ ਦੁਸ਼ਮਣਾਂ ਦੇ ਆਹੂ ਲਾਹੁੰਦਿਆਂ ਹੋਇਆਂ, ਜੰਗ-ਏ-ਮੈਦਾਨ ਵਿੱਚ ਸ਼ਹੀਦ ਹੋਏ।ਜੰਗ ਵਾਲੀ ਜਗ੍ਹਾ ਤੇ ਉਹ ਅਸਥਾਨ ਅੱਜ ਵੀ ਫਤਿਹਗੜ੍ਹ ਸਭਰਾ ਵਿਖੇ ਮੌਜੂਦ ਹੈ ਜਿੱਥੇ ਆਪ-ਮੁਹਾਰੇ ਮੂੰਹੋਂ ਨਿਕਲਦਾ ਹੈ 'ਸਿੱਖ ਰਾਜ ਦਾ ਅਮਰ ਸ਼ਹੀਦ ਧੰਨ ਹੈ, ਸਰਦਾਰ ਸ਼ਾਮ ਸਿੰਘ ਅਟਾਰੀ। ਸੋ ਸਾਧ ਸੰਗਤ ਜੀ ਐਸੇ ਸੂਰਬੀਰ ਅਤੇ ਮਹਾਂਬਲੀ ਯੋਧੇ ਅਤੇ 10 ਫਰਵਰੀ 1846ਈ: ਦੇ ਸਮੂਹ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ ਇਲਾਕਾ ਨਿਵਾਸੀਆਂ ਨੂੰ ਵੱਧ-ਚੜ੍ਹ ਕੇ ਮਨਾਉਣੇ ਚਾਹੀਦੇ ਹਨ।ਸੋ ਆਓ! ਆਪਾਂ ਸਾਰੇ ਰਲ-ਮਿਲ ਕੇ ਸ਼ਹੀਦਾਂ ਦੇ ਦਿਹਾੜੇ ਮਨਾਂ ਕੇ ਸ਼ਰਧਾ ਦੇ ਫੁੱਲ ਭੇਟ ਕਰੀਏ।

## ਪ੍ਰੋਗਰਾਮ

8 ਫਰਵਰੀ 2024 ਮੁਤਾਬਿਕ 26 ਮਾਘ ਵੀਰਵਾਰ
ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ — ਸਵੇਰੇ 11-00 ਵਜੇ

10 ਫਰਵਰੀ 2024 ਮੁਤਾਬਿਕ 28 ਮਾਘ ਸ਼ਨੀਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ — ਸਵੇਰੇ 10-00 ਵਜੇ

ਅਨਮੋਲ ਦਾਤ/ਖੰਡੇ ਬਾਟੇ ਦੀ ਪਾਹੁਲ
11 ਫਰਵਰੀ 2024 ਮੁਤਾਬਿਕ 29 ਮਾਘ ਐਤਵਾਰ
ਅੰਮ੍ਰਿਤ ਸੰਚਾਰ — 11-00 ਵਜੇ ਸਵੇਰੇ



ਨੋਟ:- ਅੰਮ੍ਰਿਤ ਛਕਣ ਵਾਲੇ ਸਿੰਘ-ਸਿੰਘਣੀਆਂ ਤਿਆਰ ਬਰ ਤਿਆਰ ਹੋ ਕੇ ਆਉਣ।

ਸੰਪਰਕ:- 84012-00013

## ਸਕੂਲੀ ਬੱਚਿਆਂ ਦੇ ਗੁਰਮਤਿ ਮੁਕਾਬਲੇ

5 ਫਰਵਰੀ 2024 (ਮੁਤਾਬਿਕ 23 ਮਾਘ ਸੋਮਵਾਰ)

- ਗੁਰਬਾਣੀ ਕੰਠ ਮੁਕਾਬਲੇ
- ਸ਼ਬਦ ਗਾਇਨ ਮੁਕਾਬਲੇ
- ਢਾਡੀ ਵਾਰਾਂ ਮੁਕਾਬਲੇ
- ਦਸਤਾਰ ਮੁਕਾਬਲੇ
- ਕਵੀਸ਼ਰੀ ਮੁਕਾਬਲੇ
- ਕਵਿਤਾ ਮੁਕਾਬਲੇ

ਜੇਤੂ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ।

ਨੋਟ:- ਐਂਟਰੀ ਲਿਸਟਾਂ ਪ੍ਰਿੰਸੀਪਲ ਸ਼ਹੀਦ ਸ਼ਾਮ ਸਿੰਘ ਅਟਾਰੀ ਖਾਲਸਾ ਸਕੂਲ ਫਤਿਹਗੜ੍ਹ ਸਭਰਾਂ ਦਫ਼ਤਰ ਵਿਖੇ 2 ਫਰਵਰੀ ਤੱਕ ਜਮ੍ਹਾਂ ਕਰਵਾਈਆ ਜਾਣ ਜਾਣਕਾਰੀ ਲਈ ਮੋਬਾ:- 95014-10075, 98150-85438

## ਵਿਸ਼ੇਸ਼ ਨੋਟ:

ਸਟੇਜ ਸਕੱਤਰ ਦੀ ਆਗਿਆ ਤੋਂ ਬਿਨਾਂ ਕੋਈ ਵੀ ਸੱਜਣ ਬੋਲਣ ਦੀ ਖੇਚਲ ਨਾ ਕਰੇ।
ਕੇਵਲ ਸੱਦੇ ਹੋਏ ਜੱਥਿਆਂ ਨੂੰ ਹੀ ਟਾਈਮ ਦਿੱਤਾ ਜਾਵੇਗਾ।

## ਮਿਤੀ 1 ਫਰਵਰੀ ਤੋਂ 10 ਫਰਵਰੀ 2024 ਤੱਕ ਰੋਜ਼ਾਨਾ ਸ਼ਾਮ 7 ਵਜੇ ਤੋਂ ਰਾਤ 12 ਵਜੇ ਤੱਕ

### ਪੁੱਜ ਰਹੇ ਸੰਤ ਮਹਾਂਪੁਰਸ਼, ਰਾਗੀ ਸਿੰਘ, ਢਾਡੀ ਸਿੰਘ ਅਤੇ ਕਵੀਸ਼ਰੀ ਸਿੰਘ

| | | | |
|---|---|---|---|
| 1 ਫਰਵਰੀ ਦਿਨ ਵੀਰਵਾਰ | ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਪਰਵਾਨਾ (ਕਥਾਵਾਚਕ) | ਭਾਈ ਗੁਰਪ੍ਰਤਾਪ ਸਿੰਘ ਪਦਮ (ਢਾਡੀ ਜੱਥਾ) | ਭਾਈ ਹਰਮਨਪ੍ਰੀਤ ਸਿੰਘ ਜੀ ਸਭਰਾ (ਢਾਡੀ ਜੱਥਾ) |
| 2 ਫਰਵਰੀ ਦਿਨ ਸ਼ੁੱਕਰਵਾਰ | ਗਿਆਨੀ ਸਰਬਜੀਤ ਸਿੰਘ ਜੀ ਲੁਧਿਆਣੇ ਵਾਲੇ (ਕਥਾਵਾਚਕ) | ਭਾਈ ਸੁਲੱਖਣ ਸਿੰਘ ਜੀ ਰਿਆੜ (ਕਵੀਸ਼ਰ ਜਥਾ) | ਭਾਈ ਸੁਰਿੰਦਰਬੀਰ ਸਿੰਘ ਜੀ ਦਿੱਲੀ (ਕਥਾਵਾਚਕ) ਭਾਈ ਅਵਤਾਰ ਸਿੰਘ ਜੀ ਸਭਰਾ (ਢਾਡੀ ਜੱਥਾ) |
| 3 ਫਰਵਰੀ ਦਿਨ ਸ਼ਨੀਵਾਰ | ਭਾਈ ਪਰਮਜੀਤ ਸਿੰਘ ਜੀ ਖਾਲਸਾ (ਕਥਾਵਾਚਕ) | ਭਾਈ ਸਤਨਾਮ ਸਿੰਘ ਜੀ ਲਾਲੂ ਘੁੰਮਣ (ਢਾਡੀ ਜੱਥਾ) | ਭਾਈ ਜਗਦੀਪ ਸਿੰਘ ਜੀ ਸਭਰਾ (ਕਥਾਵਾਚਕ) ਭਾਈ ਹਰਦੀਪ ਸਿੰਘ ਜੀ ਸਭਰਾ (ਢਾਡੀ ਜੱਥਾ) |
| 4 ਫਰਵਰੀ ਦਿਨ ਐਤਵਾਰ | ਗਿਆਨੀ ਸਾਹਿਬ ਸਿੰਘ ਜੀ ਮਾਰਕੰਡਾ (ਕਥਾਵਾਚਕ) | ਭਾਈ ਭਗਵੰਤ ਸਿੰਘ ਜੀ ਸੂਰਵਿੰਡ ਭਾਈ ਗੁਰਿੰਦਰ ਸਿੰਘ ਬੈਂਕਾ (ਕਵੀਸ਼ਰੀ ਜੱਥਾ) | ਭਾਈ ਮਨਮੋਹਨ ਸਿੰਘ ਜੀ ਅੰਮ੍ਰਿਤਸਰ ਸਾਹਿਬ (ਢਾਡੀ ਜਥਾ) ਭਾਈ ਮੇਜਾ ਸਿੰਘ ਜੀ ਸਭਰਾ (ਕਵੀਸ਼ਰ ਜਥਾ) |
| 5 ਫਰਵਰੀ ਦਿਨ ਸੋਮਵਾਰ | ਬਾਬਾ ਬੰਤਾ ਸਿੰਘ ਜੀ ਮੁੰਡਾ ਪਿੰਡ (ਕਥਾਵਾਚਕ) | ਭਾਈ ਸੁੱਖਪ੍ਰੀਤ ਸਿੰਘ ਜੀ ਸਭਰਾ (ਢਾਡੀ ਜੱਥਾ) | ਭਾਈ ਹਰਪ੍ਰੀਤ ਸਿੰਘ ਜੀ ਸਭਰਾ (ਕਥਾਵਾਚਕ) ਭਾਈ ਨਰਿੰਦਰ ਸਿੰਘ ਜੀ ਸਭਰਾ (ਢਾਡੀ ਜੱਥਾ) |
| 6 ਫਰਵਰੀ ਦਿਨ ਮੰਗਲਵਾਰ | ਭਾਈ ਮੁਖਤਾਰ ਸਿੰਘ ਜੀ ਇੰਗਲੈਂਡ (ਕਥਾਵਾਚਕ) | ਭਾਈ ਨਿਰਮਲ ਸਿੰਘ ਜੀ ਨੂਰ (ਢਾਡੀ ਜੱਥਾ) ਭਾਈ ਬਲਜੀਤ ਸਿੰਘ ਸਭਰਾ (ਕਥਾਵਾਚਕ) | ਭਾਈ ਮੋਹਣ ਸਿੰਘ ਜੀ ਸਭਰਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ |
| 7 ਫਰਵਰੀ ਦਿਨ ਬੁੱਧਵਾਰ | ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ (ਕਥਾਵਾਚਕ) | ਭਾਈ ਗੁਰਜੰਟ ਸਿੰਘ ਜੀ ਬੈਂਕਾ (ਕਵੀਸ਼ਰੀ ਜੱਥਾ) | ਭਾਈ ਗੁਰਜੀਤ ਸਿੰਘ ਜੀ ਸਭਰਾ (ਢਾਡੀ ਜੱਥਾ) |
| 8 ਫਰਵਰੀ ਦਿਨ ਵੀਰਵਾਰ | ਸਿੰਘ ਸਾਹਿਬ ਸੰਤ ਗਿਆਨੀ ਰਾਮ ਸਿੰਘ ਜੀ ਦਮਦਮੀ ਟਕਸਾਲ (ਕਥਾਵਾਚਕ) | ਭਾਈ ਮਿਲਖਾ ਸਿੰਘ ਜੀ ਮੌਜੀ (ਢਾਡੀ ਜੱਥਾ) | ਭਾਈ ਆਤਮਾ ਸਿੰਘ ਜੀ ਸਭਰਾ (ਕਥਾਵਾਚਕ) |
| 9 ਫਰਵਰੀ ਦਿਨ ਸ਼ੁਕਰਵਾਰ | ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ (ਕਥਾਵਾਚਕ) | ਭਾਈ ਲਖਵਿੰਦਰ ਸਿੰਘ ਜੀ ਸੋਹਲ (ਢਾਡੀ ਜੱਥਾ) | ਭਾਈ ਕਰਨਜੀਤ ਸਿੰਘ ਜੀ ਸਭਰਾ (ਕਥਾਵਾਚਕ) ਭਾਈ ਸੁਖਜਿੰਦਰ ਸਿੰਘ ਜੀ ਸਭਰਾ (ਢਾਡੀ ਜੱਥਾ) |
| 10 ਫਰਵਰੀ ਦਿਨ ਸ਼ਨੀਵਾਰ | ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਹੈਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ | ਸੰਤ ਗਿਆਨੀ ਹਰਨਾਮ ਸਿੰਘ ਜੀ ਮੁਖੀ ਦਮਦਮੀ ਟਕਸਾਲ ਭਾਈ ਅਮਰਜੀਤ ਸਿੰਘ ਸਭਰਾ (ਕਵੀਸ਼ਰ ਜਥਾ) | ਗੁਰਮਤਿ ਵਿਦਿਆਲੇ ਅਤੇ ਕਾਲਜ ਦੇ ਵਿਦਿਆਰਥੀ |

**ਉਪਰੋਕਤ ਦੀਵਾਨਾਂ ਵਿੱਚ ਬਾਬਾ ਸ਼ਿੰਦਰ ਸਿੰਘ ਜੀ ਰੋਜ਼ਾਨਾ ਹਾਜ਼ਰੀ ਭਰਨਗੇ।**

## ਜੋੜ ਮੇਲੇ ਦੌਰਾਨ ਸੇਵਾ ਦਾ ਵੇਰਵਾ

ਜੋੜ ਮੇਲੇ ਦੌਰਾਨ ਸੇਵਾ ਸੰਭਾਲ ਅਤੇ ਸਫਾਈ ਦੀ ਸੇਵਾ: ਪਿੰਡ ਮੇਲੂਵਾਲੀਏ ਵਾਲਾ ਅਤੇ ਮੇਲੂਵਾਲੀਏ ਦੀਆਂ ਬਸਤੀਆਂ ਦੀ ਸੰਗਤ ਕਰੇਗੀ।

ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦੇ ਬਣਾਉਣ ਅਤੇ ਵਰਤਾਉਣ ਦੀ ਸੇਵਾ: ਪਿੰਡ ਫਤਿਹਗੜ੍ਹ ਸਭਰਾਂ, ਅਰਾਜੀ ਸਭਰਾਂ, ਬਸਤੀ ਗਰੀਬ ਸਿੰਘ, ਜੱਲੋ ਵਾਲਾ, ਬੰਡਾਲਾ, ਫੱਤੇਕੇ, ਬੂਟੇ ਵਾਲਾ ਅਤੇ ਜੱਟਾਂ ਵਾਲੀ ਦੀ ਸੰਗਤ ਕਰੇਗੀ

ਲੰਗਰ ਚ ਚਾਹ ਬਦਾਨਾ ਬਣਾਉਣ ਅਤੇ ਵਰਤਾਉਣ ਦੀ ਸੇਵਾ: ਪਿੰਡ ਰੇਡੇ ਵਾਲਾ, ਮਾਸ਼ੀਕੇ ਅਤੇ ਆਸ਼ੀਕੇ ਦੀ ਸੰਗਤ ਕਰੇਗੀ।

ਲੰਗਰ ਚ ਪਕੌੜੇ ਬਣਾਉਣ ਅਤੇ ਵਰਤਾਉਣ ਦੀ ਸੇਵਾ: ਪਿੰਡ ਗੋਟਾ ਬਾਦਸ਼ਾਹ ਅਤੇ ਦੀਨੇਕੇਦੀ ਸੰਗਤ ਕਰੇਗੀ।

ਸੰਗਤਾਂ ਦੇ ਵਿਸ਼ਰਾਮ ਵਾਸਤੇ ਬਿਸਤਰੇ ਦੇਣ ਸੇਵਾ: ਪਿੰਡ ਆਲੇਵਾਲਾ ਅਤੇ ਫੱਤਿਵਾਲਾ ਦੀ ਸੰਗਤ ਕਰੇਗੀ।

ਜੋੜ ਮੇਲੇ ਦੌਰਾਨ ਜੋੜੇ ਜਮਾਂ ਕਰਨ ਦੀ ਸੇਵਾ: ਸ਼ਹੀਦ ਸ. ਸ਼ਾਮ ਸਿੰਘ ਅਟਾਰੀ ਖਾਲਸਾ ਸੀ.ਸੈ. ਸਕੂਲ ਫਤਿਹਗੜ੍ਹ ਸਭਰਾਂ ਸ਼ਹੀਦ ਸ. ਸ਼ਾਮ ਸਿੰਘ ਅਟਾਰੀ ਸਕੂਲ ਫੱਤੇ ਵਾਲਾ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਕੈਡਮੀ ਪਿੰਡ ਵੱਟੂ ਭੱਟੀ ਦੇ ਸਮੂਹ ਸਟਾਫ ਤੇ ਵਿਦਿਆਰਥੀ ਕਰਨਗੇ।

ਆਏ ਹੋਏ ਮਹਾਂਪੁਰਸ਼ਾਂ ਨੂੰ ਲੰਗਰ ਛਕਾਉਣ ਦੀ ਸੇਵਾ: ਪਿੰਡ ਪੱਧਰੀ ਅਤੇ ਵੱਟੂ ਭੱਟੀ ਦੀ ਸੰਗਤ ਕਰੇਗੀ।

ਸਟੈਂਡ ਤੇ ਸੇਵਾ: ਪਿੰਡ ਕਿੱਲੀ ਬੋਦਾ, ਨਿਹਾਲਕੇ, ਔਲਖ, ਕਾਮਲ ਵਾਲਾ, ਬਸਤੀ ਸਾਉਣ ਸਿੰਘ ਅਤੇ ਬਾਹਰ ਵਾਲੀ ਦੀ ਸੰਗਤ ਕਰੇਗੀ।

ਗੁਰਦੁਆਰਾ ਸਾਹਿਬ ਤੋਂ ਰੋਜ਼ਾਨਾ ਸਵੇਰੇ ਸ਼ਾਮ ਅਤੇ ਸ਼ਹੀਦੀ ਸਮਾਗਮ ਨੂੰ ਲਾਈਵ ਦੇਖਣ ਲਈ ਸੰਪਰਕ ਕਰੋ

SIKH ਸਮਾਗਮ ਟੀ.ਵੀ. | ASANKH TV | CHARDIKLA TIME TV | LIVE



ਸ਼ਹੀਦ ਜਰਨੈਲ ਸ: ਸ਼ਾਮ ਸਿੰਘ ਅਟਾਰੀ ਗੁਰਮਤਿ ਕਾਲਜ ਫਤਿਹਗੜ੍ਹ ਸਭਰਾ।
3 ਸਾਲਾ ਮੁਫਤ ਬੀ.ਏ. (ਧਰਮ ਅਧਿਐਨ) ਅਤੇ ਗੁਰਮਤਿ ਡਿਪਲੋਮਾ
M. 94641-11144, 94787-15840

ਗੁਰੂ ਪੰਥ ਦੇ ਦਾਸ
**ਮੁੱਖ ਸੇਵਾਦਾਰ ਜਥੇਦਾਰ ਬਾਬਾ ਸ਼ਿੰਦਰ ਸਿੰਘ ਜੀ**



ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਡ ਧਿਆਨੂੰ ਮਾਜਰਾ ਉੱਚਾ ਪਿੰਡ ਸੰਘੋਲ ਵਿਖੇ ਗੁਰਮਤਿ ਸਮਾਗਮ ਵਿੱਚ ਹਾਜਰੀ ਲਗਵਾਈ






ਇਲਾਕੇ ਦੀ ਸਮੂਹ ਸਾਧ ਸੰਗਤ ਵੱਲੋਂ ਪਿੰਡ ਧਿਆਨੂੰ ਮਾਜਰਾ ਉੱਚਾ ਪਿੰਡ ਸੰਘੋਲ ਵਿਖੇ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ, ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਜੀਵਨ ਸਫਲ ਕੀਤੇ, ਇਸ ਮੌਕੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਅਤੇ ਪੰਥਕ ਅਕਾਲੀ ਲਹਿਰ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਆਖਿਆ ਕਿ ਆਪਾਂ ਗੁਰਮਤਿ ਅਨੁਸਾਰ ਜੀਵਨ ਬਤੀਤ ਕਰੀਏ ਤਾਂ ਜੋ ਗੁਰੂ ਸਾਹਿਬ ਜੀ ਦੇ ਨੇੜੇ ਰਹਿ ਸਕੀਏ ਅਤੇ ਆਪਣੇ ਜੀਵਨ ਸਵਾਰ ਸਕੀਏ, ਇਸ ਲਈ ਸਾਨੂੰ ਨਾਮ ਬਾਣੀ ਦੇ ਨਾਲ ਜੁੜਨਾ ਚਾਹੀਦਾ ਹੈ,ਦਸਮ ਪਾਤਸ਼ਾਹ ਜੀ ਦੀ ਬਖਸ਼ਿਸ਼ ਖੰਡੇ ਬਾਟੇ ਦੀ ਪਹੁਲ ਛੱਕ ਕੇ ਗੁਰੂ ਦੀ ਸਰਪ੍ਰਸਤੀ ਕਬੂਲਣੀ ਚਾਹੀਦੀ ਹੈ। ਸਿੰਘ ਸਾਹਿਬ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਕੌਮ ਦੇ ਮਿਸ਼ਨ ਨੂੰ ਤਾਕਤ ਦੇਣ ਲਈ ਪ੍ਰਬੰਧਕ ਕਮੇਟੀ ਦੀਆਂ ਵੱਧ ਤੋਂ ਵੱਧ ਵੋਟਾਂ ਬਣਾ ਕੇ ਪੂਰੀ ਦੁਨੀਆ ਵਿੱਚ ਆਪਣੀ ਹੋਂਦ ਪ੍ਰਗਟ ਕਰੀਏ, ਦੁਨੀਆ ਨੂੰ ਦੱਸੀਏ ਕਿ ਗੁਰੂ ਨਾਨਕ ਸਾਹਿਬ ਜੀ ਦੀ ਸਰਕਾਰ ਨੂੰ ਚੁਣਨ ਵਾਲੇ ਕਿੰਨੇ ਲੋਕ ਹਨ, ਸੱਚੇ-ਸੁੱਚੇ ਗੁਰਸਿੱਖਾਂ ਦੀ ਪ੍ਰਬੰਧਕ ਕਮੇਟੀ ਚੁਣ ਕੇ ਗੁਰੂ ਘਰ ਦੀਆਂ ਜਮੀਨਾਂ,ਸਿਧਾਂਤ,ਗਰੀਬ ਬੱਚਿਆਂ ਦੀ ਸਿੱਖਿਆ,ਸਿਹਤ ਅਤੇ ਸੰਗਤਾਂ ਨੂੰ ਸਹੂਲਤਾਂ ਦੇਣ ਲਈ ਉੱਦਮ ਉਪਰਾਲੇ ਕਰੀਏ। ਇਸ ਲਈ ਸਾਰੇ ਨੌਜਵਾਨ ਆਪ ਉਦਮ ਕਰਕੇ ਸਾਰਿਆਂ ਦੀਆਂ ਵੋਟਾਂ ਬਣਾਉਣ ਲਈ ਅੱਗੇ ਆਉਣ ਤਾਂ ਜੋ ਪ੍ਰਬੰਧਕ ਕਮੇਟੀ ਵਿੱਚ ਸੁਧਾਰ ਲਿਆਂਦਾ ਜਾ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV





ਅੱਜ ਸਾਡੇ ਪਿੰਡ ਤਲਵਾੜੇ ਅਤੇ ਸਾਡੇ ਇਲਾਕੇ ਦੇ ਸਿਰ ਕੱਢ ਪੰਥਕ ਅਤੇ ਸੇਵਾਦਾਰ ਪਰਿਵਾਰ ਦੇ ਤੌਰ ਤੇ ਮਸ਼ਹੂਰ ਸਰਦਾਰ ਦਲੀਪ ਸਿੰਘ ਭਿੰਡਰ ਉਹਨਾਂ ਦੇ ਗੁਰਸਿੱਖ ਪੋਤੇ ਸੰਤਵੀਰ ਸਿੰਘ ਦਾ ਵਿਆਹ ਪੂਰਨ ਸਿੱਖ ਮਰਿਆਦਾ ਅਨੁਸਾਰ ਹੋਇਆ ਸਾਡੇ ਇਲਾਕੇ ਵਿੱਚ ਪਹਿਲੀ ਵਾਰ ਵਿਆਹ ਤੇ ਕਵੀਸ਼ਰ ਜੱਥੇ ਨੇ ਸਿੱਖ ਕੌਮ ਦੇ ਯੋਧਿਆ ਦੀਆਂ ਵਾਰਾਂ ਸਣਾਈਆ ਅਤੇ ਵਿਆਹ ਦਾ ਮਾਹੌਲ ਧਾਰਮਿਕ ਸਮਾਗਮ ਹੋ ਨਿਬੜਿਆ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਪਰਿਵਾਰ ਤੇ ਹਮੇਸ਼ਾ ਮੇਹਰ ਭਰਿਆ ਹੱਥ ਰੱਖਣਾ ਜੀ।

ਵੱਲੋਂ - ਭਾਈ ਪਲਵਿੰਦਰ ਸਿੰਘ ਤਲਵਾੜਾ

ਆਵਾਜ਼ਿ ਕੌਮ AWAZE QAUM International Newspaper & WEB TV



# ਖੇਡਾਂ ਨਾਲ ਬੱਚਿਆਂ ਦਾ ਮਨੋਬਲ ਉੱਚਾ ਹੁੰਦਾ ਹੈ ਤੇ ਖੇਡਾਂ ਅਤਿ ਜ਼ਰੂਰੀ—ਡੋਡ





**ਫ਼ਿਰੋਜ਼ਪੁਰ, 7 ਫਰਵਰੀ (ਮਨੋਹਰ ਲਾਲ)** :— ਚੌਥਾ ਕੇਸਾਧਾਰੀ ਹਾਕੀ ਟੂਰਨਾਮੈਂਟ ਇੰਟਰਨੈਸ਼ਨਲ ਹਾਕੀ ਸਟੇਡੀਅਮ ਸਾਹਿਬਜਾਦਾ ਅਜੀਤ ਸਿੰਘ ਨਗਰ ਮੋਹਾਲੀ ਵਿਖੇ ਇੰਟਰਨੈਸ਼ਨਲ ਸਿੱਖ ਸਪੋਰਟਸ ਕੌਂਸਲ ਵੱਲੋਂ ਹਰ ਸਾਲ ਦੀ ਤਰ੍ਹਾਂ ਕਰਵਾਇਆ ਗਿਆ। ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਦਲੇਰ ਸਿੰਘ ਡੋਡ ਵਿਸ਼ੇਸ਼ ਤੌਰ ਤੇ ਪਹੁੰਚ ਅਤੇ ਕਿਹਾ ਕਿ ਇੰਟਰਨੈਸ਼ਨਲ ਸਿੱਖ ਸਪੋਰਟਸ ਕੌਂਸਲ ਦਾ ਬਹੁਤ ਵਧੀਆ ਉਪਰਾਲਾ ਕਿਉਂਕਿ ਅੱਜ ਸਮਾਂ ਮੰਗ ਕਰਦਾ ਹੈ ਕਿ ਸਾਨੂੰ ਨੌਜਵਾਨ ਪੀੜੀ ਨੂੰ ਸੰਭਾਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਲੋੜ ਜਿੱਥੇ ਬੱਚਿਆਂ ਨੂੰ ਚੰਗੀ ਵਿਦਿਆ ਉਥੇ ਨਾਲ—ਨਾਲ ਖੇਡਾਂ ਪ੍ਰਤੀ ਉਤਸ਼ਾਹ ਕਰਨਾ ਚਾਹੀਦਾ ਹੈ, ਕਿਉਂਕਿ ਪੰਜਾਬ ਦੀ ਧਰਤੀ ਤੇ ਅੱਜ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ, ਜਦੋਂ ਕਿ ਤਿੰਨ ਸਰਕਾਰਾਂ ਨਸ਼ਿਆਂ ਦੇ ਮੁੱਦਿਆਂ ਤੇ ਬਣ ਗਈਆਂ ਪਰ ਅੱਜ ਤੱਕ ਨਸ਼ਾ ਬੰਦ ਨਹੀਂ ਹੋਇਆ। ਇਸ ਕਰਕੇ ਸਾਨੂੰ ਆਪਣੇ ਤੌਰ ਤੇ ਉਪਰਾਲੇ ਕਰਕੇ ਆਪਣੇ ਬੱਚਿਆਂ ਨੂੰ ਸਿੱਖੀ ਨਾਲ ਜੋੜਨਾ ਚਾਹੀਦਾ ਗੁਰਮਤ ਨਾਲ ਜੋੜਨਾ ਚਾਹੀਦਾ ਤੇ ਖੇਡਾਂ ਪ੍ਰਤੀ ਉਤਸਾਹਿਤ ਕਰਨਾ ਚਾਹੀਦਾ ਉਹਨਾਂ ਇੰਟਰਨੈਸ਼ਨਲ ਸਿੱਖ ਸੁਪਰੀਮ ਕੌਂਸਲ ਦਾ ਧੰਨਵਾਦ ਕੀਤਾ ਜਿਨਾਂ ਨੇ ਵਿਸ਼ੇਸ਼ ਤੌਰ ਤੇ ਕੇਸਾਧਾਰੀ ਬੱਚਿਆਂ ਦਾ ਇਹ ਚੌਥਾ ਹਾਕੀ ਟੂਰਨਾਮੈਂਟ ਕਰਵਾਇਆ ਕਿਉਂਕਿ ਇਸ ਨਾਲ ਸਿੱਖ ਕੌਮ ਦੀ ਪਹਿਛਾਣ ਇੰਟਰਨੈਸ਼ਨਲ ਪੱਧਰ ਤੇ ਬਣਦੀ ਜਦੋਂ ਸਾਡੇ ਸਿੱਖ ਖਿਡਾਰੀ ਖੇਡਦੇ ਅੱਜ ਸਾਡੀ ਤਰਾਸਦੀ ਆ ਖਿਡਾਰੀ ਜਦੋਂ ਗੇਮ ਚ ਪੈ ਜਾਂਦੇ ਆ ਉਹ ਆਪਣੇ ਕੇਸ ਕਟਵਾ ਦਿੰਦੇ ਆ ਉਹਨਾਂ ਨੌਜਵਾਨ ਖਿਡਾਰੀ ਬੱਚਿਆਂ ਨੂੰ ਅਪੀਲ ਕੀਤੀ ਕੇਸਾਧਾਰੀ ਹੋ ਕੇ ਗੇਮ ਚ ਹਿੱਸਾ ਲਿਆ ਕਰੋ ਤੁਸੀਂ ਕਿਸੇ ਵੀ ਗੇਮ ਚ ਹਿੱਸਾ ਲੈ ਰਹੇ ਹੋ ਇਸ ਨਾਲ ਸਾਡੇ ਕੌਮ ਦਾ ਸਿਰ ਉੱਚਾ ਹੁੰਦਾ ਕਿਉਂਕਿ ਅੱਜ ਸਾਡੇ ਨੌਜਵਾਨ ਵੱਡੇ ਪੱਧਰ ਤੇ ਵਿਦੇਸ਼ਾਂ ਨੂੰ ਪ੍ਰਵੇਸ਼ ਕਰ ਰਹੇ ਆ ਸਾਡੇ ਵਾਸਤੇ ਬਹੁਤ ਚਿੰਤਾ ਦਾ ਵਿਸ਼ਾ ਕਿਉਂਕਿ ਅਸੀਂ ਪੰਜਾਬ ਇੱਕ ਸੂਬਾ ਜਿਸ ਵਿੱਚ ਸਾਡੀ ਬਹੁਤ ਗਿਣਤੀ ਆ ਉਸ ਦੇ ਵਿੱਚ ਵੀ ਸਾਡੀ ਗਿਣਤੀ ਘੱਟ ਜਾਵੇਗਾ ਸਾਡੀ ਪੰਜਾਬੀ ਮਾਂ ਬੋਲੀ ਪੰਜਾਬੀ ਸੱਭਿਆਚਾਰ ਸਭ ਖਤਰੇ ਦੇ ਵਿੱਚ ਜਿਸ ਤਰ੍ਹਾਂ ਚੱਲਦਾ ਰਿਹਾ ਸਾਡੀ ਬੋਲੀ ਅਤੇ ਸਾਡੀ ਗਿਣਤੀ ਪੰਜਾਬ ਦੇ ਵਿੱਚ ਬਹੁਤ ਘੱਟ ਜਾਵੇਗੀ ਇਸ ਵੱਲ ਸਾਡੀਆਂ ਸੰਸਥਾਵਾਂ ਨੂੰ ਧਿਆਨ ਦੇਣਾ ਚਾਹੀਦਾ ਉਹਨਾਂ ਕੌਂਸਲ ਦੇ ਪ੍ਰਧਾਨ ਭਾਈ ਜਸਵੀਰ ਸਿੰਘ ਮੋਹਾਲੀ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਤੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਇਸ ਮੌਕੇ ਭਾਈ ਅਮਰ ਸਿੰਘ ਝੋਕ ਹਰੀ ਹਰ ਭਤੀਜੇ ਸ਼ਹੀਦ ਭਾਈ ਗੁਰਜੀਤ ਸਿੰਘ ਸਤਨਾਮ ਸਿੰਘ ਸੰਧੂ ਸੁਖਬੀਰ ਸਿੰਘ ਮਚਾਕੀ ਫੈਡਰੇਸ਼ਨ ਦੇ ਨੌਜਵਾਨ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੇ.ਸੀ ਗਲਹੋਤਰਾ ਸੀਨੀਅਰ ਵਾਈਸ ਪ੍ਰਧਾਨ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਤੇ ਸੀਨੀਅਰ ਸਿਟੀਜਨ ਫੋਰਮ ਅਤੇ ਸੀਨੀਅਰ ਸਿਟੀਜਨ ਕੌਂਸਲ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ



ਫ਼ਿਰੋਜ਼ਪੁਰ, 7 ਫਰਵਰੀ (ਮਨੋਹਰ ਲਾਲ) :— ਕੇ.ਸੀ ਗਲਹੋਤਰਾ ਸੀਨੀਅਰ ਵਾਈਸ ਪ੍ਰਧਾਨ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਅਤੇ ਸੀਨੀਅਰ ਸਿਟੀਜਨ ਫੋਰਮ ਅਤੇ ਸੀਨੀਅਰ ਸਿਟੀਜਨ ਕੌਂਸਲ ਅਤੇ ਹੋਰ ਕਈ ਧਾਰਮਿਕ ਸੁਸਾਇਟੀਆਂ ਵਿਚ ਆਪਣੀ ਸੇਵਾ ਨਿਭਾਉਂਦੇ ਹੋਏ ਅਚਾਨਕ ਉਨ੍ਹਾਂ ਦੀ ਮੌਤ ਹੋ ਗਈ। ਸ੍ਰੀ ਕੇ.ਸੀ ਗਲਹੋਤਰਾ ਜ਼ੋ ਕਿ ਆਈ.ਟੀ.ਆਈ ਤੋਂ ਰਿਟਾਇਰਡ ਸਨ ਅਤੇ ਉਨ੍ਹਾਂ ਆਪਣੀ ਜਿੰਦਗੀ ਦੀਆਂ 83 ਕੁ ਬਹਾਰਾਂ ਵੇਖ ਕੇ ਇਸ ਫਾਨੀ ਸੰਸਾਰ ਨੂੰ ਸਦਾ—ਸਦਾ ਲਈ ਅਲਵਿਦਾ ਕਹਿ ਗਏ, ਉਹ ਆਪਣੇ ਪਿਛੇ ਆਪਣੀ ਧਰਮ ਪਤਨੀ ਪੁਸ਼ ਲਤਾ ਅਤੇ ਇੰਦੂ ਬੇਟੀ ਨੂੰ ਰੱਬ ਆਸਰੇ ਛੱਡ ਗਏ, ਅੱਜ ਉਨ੍ਹਾਂ ਦਾ ਅੰਤਿਮ ਸੰਸਕਾਰ ਮੌਕੇ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦੇ ਅਹੁਦੇਦਾਰ ਅਤੇ ਮੈਂਬਰ ਸੀਨੀਅਰ ਸਿਟੀਜਨ ਕੌਂਸਲ ਅਤੇ ਸੀਨੀਅਰ ਸਿਟੀਜਨ ਫੋਰਮ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਧਾਰਮਿਕ ਸੰਸਥਾਵਾਂ ਦੇ ਆਗੂ, ਮੈਂਬਰ ਅਤੇ ਰਿਟਾਇਰਡ ਸਰਕਾਰੀ ਮੁਲਾਜ਼ਮ ਹਾਜ਼ਰ ਸਨ। ਇਸ ਮੌਕੇ ਤੇ ਵੱਖ—ਵੱਖ ਆਗੂਆਂ ਨੇ ਕੇ.ਸੀ ਗਲਹੋਤਰਾ ਦੀ ਧਰਮਪਤਨੀ ਪੁਸ਼ਪਲਤਾ ਨਾਲ ਗਹਿਰਾ ਦੁੱਖ ਪ੍ਰਗਟ ਕੀਤਾ। ਸਮੂਹ ਆਗੂਆਂ ਅਤੇ ਮੈਂਬਰ ਨੇ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕੀਤੀ ਕਿ ਉਹ ਕੇ.ਸੀ ਗਲਹੋਤਰਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ, ਪਿਛੇ ਪਰਿਵਾਰ, ਰਿਸ਼ਤੇਦਾਰ, ਮਿੱਤਰਾਂ, ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੀ। ਸ੍ਰੀ ਕੇ.ਸੀ ਗਲਹੋਤਰਾ ਇਕ ਇਮਾਨਦਾਰ ਸਖਸ਼ੀਅਤ ਵਜੋਂ ਜਾਣੇ ਜਾਂਦੇ ਹਨ ਅਤੇ ਕਿਸੇ ਵੀ ਸਭਾ ਸੁਸਾਇਟੀ ਦੀ ਮੀਟਿੰਗ ਹੁੰਦੀ, ਉਹ ਅਤੇ ਉਨ੍ਹਾਂ ਦੀ ਧਰਮ ਪਤਨੀ ਪੁਸ਼ਪ ਲਤਾ ਸਭ ਤੋਂ ਪਹਿਲਾਂ ਪਹੁੰਚਦੇ ਸੀ ਅਤੇ ਹਮੇਸ਼ਾ ਲਗਨ ਤੇ ਮਿਹਨਤ ਨਾਲ ਸੇਵਾ ਕਰਦੇ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ ਵਿਚ ਹਾਲਾਤਾਂ ਦਾ

# ਬਦ ਤੋਂ ਬਦਤਰ ਹੋਣਾ ਚਿੰਤਾ ਦਾ ਵਿਸ਼ਾ : ਪੀ.ਸੀ ਕੁਮਾਰ



ਫ਼ਿਰੋਜ਼ਪੁਰ, 7 ਫਰਵਰੀ (ਮਨੋਹਰ ਲਾਲ) :— ਅੱਜ ਜਿਨ੍ਹਾਂ ਹਾਲਾਤਾਂ ਵਿਚ ਪੰਜਾਬ ਗੁਜਰ ਰਿਹਾ ਹੈ, ਜਿਥੇ ਲਾ ਐਂਡ ਆਰਡਰ ਲੋਕਾਂ ਦੀ ਜਾਨ ਮਾਲ ਨੂੰ ਖਤਰਾ, ਲੁਚਾ ਲੰਡਾ ਚੌਧਰੀ, ਗੁੰਡੀ ਰਨ ਪ੍ਰਧਾਨ, ਇਥੋਂ ਤੱਕ ਜੇਕਰ ਦੇਈਏ ਜੰਗਲ ਰਾਜ ਕੋਈ ਅਨਹੋਣੀ ਨਹੀਂ, ਇਸ ਦਾ ਨਿਕਟ ਭਵਿੱਖ ਵਿਚ ਹੱਲ ਵੀ ਨਜ਼ਰ ਨਹੀਂ ਆ ਰਿਹਾ, ਇਥੋਂ ਤੱਕ ਔਪੀਜੀਸ਼ਨ ਦੀ ਪਹਿਲੀ ਗੱਲ ਆਟੇ ਵਿਚ ਲੂਨ ਦੇ ਬਰਾਬਰ ਨੁਮਾਇੰਦਗੀ ਹੋਣਾ ਅੰਬਸੋਲੂਟ ਬਹੁਤ ਜਿਆਦਾ ਮੈਜ਼ੋਰਟੀ ਹੋਣਾ ਦੂਜੇ ਪਾਸੇ ਚੰਗੇ ਮਾੜੇ ਕੰਮ ਨੂੰ ਨਹੀਂ ਸਿਰਫ ਰਾਜੇਆਂ ਦਾ ਖੁਸਨਾ, ਫਿਰ ਦੁਬਾਰਾ ਗਦੀਆਂ ਦੀ ਹੋੜ ਹਰ ਇਕ ਰਾਜ ਵਿਚ ਅਰਾਜਕਤਾ ਫੈਲਾਉਣ ਜਨਤਾ ਵਿਚ ਹਊਆ ਪੈਦਾ ਕਰ ਸਰਕਾਰ ਨੂੰ ਕੋਸਣਾ, ਸੂਬੇ ਤੇ ਭਾਰਤ ਦੀ ਵੱਖਰੋ—ਵੱਖਰੀ ਸਰਕਾਰ ਦਾ ਹੋਣਾ, ਗਵਰਨਰ ਤੇ ਮੁੱਖ ਮੰਤਰੀ ਦਾ ਆਪਸੀ ਤਾਲ ਮੇਲ ਹੈਂਕੜਬਾਜੀ ਇਕ—ਦੂਜੇ ਲਈ ਮੁਸ਼ਕਿਲਾਂ ਪੈਦਾ ਕਰਨਾ, ਇਨ੍ਹਾਂ ਜਿਆਦਾ ਖਰਚਾ ਵੋਟਾਂ ਨੂੰ ਫਰੀ—ਫਰੀ ਦੇਣ ਦੇ ਵਾਇਦੇ ਕਰਨਾ, ਉਨ੍ਹਾਂ ਨੂੰ ਪੂਰਾ ਨਾ ਕਰ ਸਕਣਾ, ਦੋ ਮੁਲਾ ਵਿਚ ਮੁਰਗੀ ਭਾਵ ਕਠਪੁਤਲੀ ਬਣ ਰਾਜ ਕਰਨਾ, ਸਿਹਤ ਸਿੱਖਿਆ, ਸੁੱਖ ਸੁਵਿਧਾਵਾਂ ਰੋਟੀ ਕਪੜਾ, ਮਕਾਨ ਭਾਵ ਪੈਰਾਂ ਤੇ ਖੜ੍ਹੇ ਹੋਣਾ ਨਾ ਜਨਤਾ ਨੂੰ ਕਰ ਸਕਣਾ, ਨਾਲ—ਨਾਲ ਸਭ ਤੋਂ ਅਹਿਮ ਮੁੱਦਾ ਪੰਜਾਬ ਵਿਚ ਲੋਕ ਹਿੱਤ ਲਈ ਮੁੱਦੇ ਉਠਾਉਣ ਵਾਲਾ ਉਨ੍ਹਾਂ ਨੂੰ ਹੱਲ ਕਰਵਾਉਣ ਵਾਲੀ ਨਾ ਦੀ ਕੋਈ ਸੰਸਥਾ ਨਹੀਂ, ਲੰਬੇ ਅਰਸੇ ਤੋਂ ਜਿਥੇ ਧਾਰਮਿਕਤਾ ਦਾ ਪੰਜਾਬ ਵਿਚ ਬੋਲਬਾਲਾ, ਔਪੋਜੀਸ਼ਨ ਦਾ 19—21 ਵਾਲਾ ਫਰਕ ਨਾ ਹੋਣ ਲਗਾਤਾਰ ਇਕ—ਇਕ ਹੀ ਪਾਰਟੀ ਦੀ ਹਕੂਮਤ ਰਹਿਣਾ, ਸਭ ਤੋਂ ਚਿੰਤਾ ਤੇ ਗੰਭੀਰ ਪੰਜਾਬ ਵਿਚ ਸਮਾਜ ਸੇਵੀ ਸੰਸਥਾਵਾਂ ਵੋਟਾਂ ਦੀ ਰਾਜਨੀਤੀ, ਰਾਜਨੀਤੀਕਰਨ ਹੋਣਾ ਹਰ ਦਾਇਰੇ ਵਿਚ ਐਨ.ਜੀ.ਓ ਦੀ ਬਜਾਏ ਰਾਜਨੀਤਕਾਂ ਨੂੰ ਭਾਗੀਦਾਰੀ ਧੰਨ—ਧੰਨ ਦੇ ਕੇ ਵੋਟਾਂ ਨੋਟਾਂ ਦਾ ਬੋਲਬਾਲਾ ਲੈ ਬੈਠਾ ਤੇ ਬੈਠੇਗਾ, ਪੰਜਾਬ ਨੂੰ ਲੋਕ ਹਿੱਤ ਵਿਚ ਨਹੀਂ।

## ਸਲਾਨਾ ਮਹਾਨ ਗੁਰਮਤਿ ਸੰਤ ਸਮਾਗਮ 15 ਫਰਵਰੀ ਨੂੰ ਤੇ

# ਨਗਰ ਕੀਰਤਨ ਹੋਣਗੇ 13 ਫਰਵਰੀ ਨੂੰ—ਸੰਤ ਬਾਬਾ ਸੁੱਚਾ ਸਿੰਘ



ਫ਼ਿਰੋਜ਼ਪੁਰ, 7 ਫਰਵਰੀ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਧੰਨ—ਧੰਨ ਬਾਬਾ ਕੁੰਦਨ ਸਿੰਘ ਜੀ ਦੀ ਪਵਿੱਤਰ ਬਰਸੀ ਅਤੇ ਮਾਂਘ ਮਹੀਨੇ ਨੂੰ ਸਮਰਪਿਤ ਸਲਾਨਾ ਮਹਾਨ ਗੁਰਮਤਿ ਸੰਤ ਸਮਾਗਮ ਅਤੇ ਸ੍ਰੀ ਆਖੰਡ ਪਾਠ ਦੀ ਇਕੋਤਰੀ ਦੇ ਭੋਗ 3 ਫੱਗਣ 15 ਫਰਵਰੀ 2024 ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ 10 ਵਜੇ ਤੋਂ 4 ਵਜੇ ਤੱਕ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਲਾਨਾ ਮਹਾਨ ਗੁਰਮਤਿ ਸੰਤ ਸਮਾਗਮ ਧੰਨ—ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਧੰਨ—ਧੰਨ ਬਾਬਾ ਕੁੰਦਨ ਸਿੰਘ ਜੀ ਦੀ ਪਵਿੱਤਰ ਬਰਸੀ ਅਤੇ ਮਾਂਘ ਮਹੀਨੇ ਨੂੰ ਸਮਰਪਿਤ ਸ੍ਰੀ ਆਖੰਡ ਪਾਠਾਂ ਦੀ ਇਕੋਤਰੀ ਦੇ ਭੋਗ 3 ਫੱਗਣ 15 ਫਰਵਰੀ ਦਿਨ ਵੀਰਵਾਰ ਨੂੰ ਹੋਣਗੇ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅੱਗੇ ਦੱਸਿਆ ਕਿ 1 ਫੱਗਣ 13 ਫਰਵਰੀ 2024 ਦਿਨ ਮੰਗਲਵਾਰ ਨੂੰ ਮਹਾਨ ਨਗਰ ਕੀਰਤਨ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਤੋਂ ਸਵੇਰੇ 8 ਵਜੇ ਪ੍ਰਾਰੰਭ ਹੋਵੇਗਾ। ਇਹ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਤੇ ਦਾਸਾਂ ਦੀ ਦੇਖ—ਰੇਖ ਹੇਠ ਚਲੇਗਾ। ਇਹ ਵਿਸ਼ਾਲ ਨਗਰ ਕੀਰਤਨ ਸਵੇਰੇ 8 ਵਜੇ ਆਰੰਭ ਹੋ ਕੇ ਪਿੰਡ ਮੁਰਕਵਾਲਾ, ਟਿੱਬੀ ਕਲਾਂ, ਕੜਮਾ, ਨਵਾਂ ਕਿਲਾ, ਕਿਲੀ (ਲੰਗਰ ਦੀ ਸੇਵਾ), ਸੋਢੀ ਵਾਲਾ, ਡੋਡ, ਪੀਰ ਕੇ, ਭੂਰੇ ਖੁਰਦ, ਫੁਲਰੰਨ, ਜੰਗਾਂ ਵਾਲਾ ਮੋੜ, ਸਦਰਦੀਨ, ਕਾਲਾ ਟਿੱਬੀ, ਟਿੱਬੀ ਖੁਰਦ, ਕੋਟ ਆਸਾ ਸਿੰਘ ਵਾਲਾ, ਪੀਰੂ ਵਾਲਾ, ਰੋਡੇਵਾਲਾ, ਵਾਹਕੇ, ਮੱਲਾਂ ਕਰੀ, ਲੱਖਾ ਹਾਜੀ, ਨਿਆਜੀਆਂ, ਕਾਕੜ ਪਿੰਡਾਂ ਵਿਚੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਸਾਹਿਬ ਪਹੁੰਚੇਗਾ ਅਤੇ ਸ਼ਾਮ ਦਾ ਲੰਗਰ ਨਾਨਕਸਰ ਢਾਣੀਆਂ ਦੀ ਸੰਗਤ ਵੱਲੋਂ ਹੋਵੇਗਾ। ਇਸ ਵਿਸ਼ਾਲ ਨਗਰ ਕੀਰਤਨ ਦੇ ਸਵਾਗਤ ਲਈ ਹਰ ਪਿੰਡ ਵਿਚ ਸਵਾਗਤੀ ਗੇਟ ਅਤੇ ਚਾਹ ਦਾ ਲੰਗਰ, ਪਕੌੜਿਆਂ ਦਾ ਲੰਗਰ, ਫਰੂਟ ਦਾ ਲੰਗਰ, ਹਲਵੇ ਦਾ ਲੰਗਰ, ਖੀਰ ਕਾ ਲੰਗਰ, ਮਿਠਾਈਆਂ ਦੇ ਲੰਗਰ ਪਿੰਡਾਂ ਦੀਆਂ ਸੰਗਤਾਂ ਵੱਲੋਂ ਅਤੁੱਟ ਵਰਤਾਏ ਜਾਣਗੇ ਅਤੇ ਬੈਂਡ ਵਾਜੇ ਅਤੇ ਗਤਕਾ ਪਾਰਟੀ ਵੱਲੋਂ ਆਪਣੇ ਕਲਾਂ ਦੇ ਜ਼ੌਹਰ ਵਿਖਾਏ ਜਾਣਗੇ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅੱਗੇ ਦੱਸਿਆ ਕਿ 15 ਫਰਵਰੀ 2024 (3 ਫੱਗਣ ਦਿਨ ਵੀਰਵਾਰ) ਨੂੰ ਸਲਾਨਾ ਮਹਾਨ ਗੁਰਮਤਿ ਸੰਤ ਸਮਾਗਮ ਕਰਵਾਏ ਜਾ ਰਹੇ ਹਨ। ਇਹ ਸਲਾਨਾ ਮਹਾਨ ਗੁਰਮਤਿ ਸਮਾਗਮ ਵਿਚ ਸ੍ਰੀਮਾਨ ਸੰਤ ਬਾਬਾ ਗੁਰਜੀਤ ਸਿੰਘ ਜੀ ਵਿਸ਼ੇਸ਼ ਤੌਰ ਤੇ ਦਰਸ਼ਨ ਦੇਣਗੇ ਅਤੇ ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਜੀ ਭੁਚੋ ਸਾਹਿਬ ਵਾਲੇ ਵਿਸ਼ੇਸ਼ ਤੌਰ ਤੇ ਦਰਸ਼ਨ ਦੇਣਗੇ। ਇਸ ਮੌਕੇ ਤੇ 12 ਵਜੇ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ ਅਤੇ ਫਰੀ ਮੈਡੀਕਲ ਕੈਂਪ ਲਾਇਆ ਜਾਵੇਗਾ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਦੱਸਿਆ ਕਿ ਇਸ ਮੌਕੇ ਭਾਰੀ ਗਿਣਤੀ ਵਿਚ ਸੰਤ ਮਹਾਂਪੁਰਸ਼ ਗੁਣੀ ਗਿਆਨੀ, ਵਿਦਵਾਨ, ਕਥਾ ਵਾਚਕ, ਰਾਗੀ, ਢਾਡੀ ਸੰਗਤਾਂ ਨੂੰ ਗੁਰੂ ਜ਼ਸ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਤੇ ਸੰਤ ਮਹਾਂਪੁਰਸ਼ ਜਿਨਾਂ ਵਿਚ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਾਲੇ, ਸ੍ਰੀਮਾਨ ਸੰਤ ਬਾਬਾ ਗੁਰਚਰਨ ਸਿੰਘ ਜੀ ਨਾਨਕਸਰ ਵਾਲੇ, ਸੰਤ ਬਾਬਾ ਸੇਵਾ ਸਿੰਘ ਜੀ ਨਾਨਕਸਰ ਵਾਲੇ, ਸੰਤ ਬਾਬਾ ਤਰਲੋਚਨ ਸਿੰਘ ਜੀ ਸੀਘੜੇ ਵਾਲੇ, ਸੰਤ ਬਾਬਾ ਹਰੀ ਸਿੰਘ ਜੀ ਜ਼ੀਰੇ ਵਾਲੇ, ਸੰਤ ਬਾਬਾ ਗਗਨਦੀਪ ਸਿੰਘ ਜੀ ਸੀਘੜੇ ਵਾਲੇ, ਬਾਬਾ ਤਜਿੰਦਰ ਸਿੰਘ ਜੀ ਜਿੰਦੂ ਨਾਨਕਸਰ ਕਲੇਰਾਂ ਵਾਲੇ, ਸੰਤ ਬਾਬਾ ਹਰੀ ਸਿੰਘ ਜੀ ਹਰੀਕੇ ਪਤਨ ਵਾਲੇ, ਸੰਤ ਬਾਬਾ ਲਖਬੀਰ ਸਿੰਘ ਜੀ ਨਾਨਕਸਰ ਵੜੈਚ, ਬਾਬਾ ਨਾਨਕ ਸਿੰਘ ਜੀ ਮੰਦਰ ਮੁਹਾਰ ਵਾਲੇ, ਬਾਬਾ ਧਰਮਵੀਰ ਸਿੰਘ ਜੀ ਘਰਾਂਗਣੇ ਵਾਲੇ, ਮਾਤਾ ਵਿਪਨਪ੍ਰੀਤ ਕੌਰ ਜੀ ਕੀਰਤਨ ਜਥਾ ਲੁਧਿਆਣੇ ਵਾਲੇ, ਗਿਆਨੀ ਗਗਨਦੀਪ ਸਿੰਘ ਜੀ ਪਟਨਾ ਸਾਹਿਬ ਵਾਲੇ, ਭਗਤ ਬਾਬਾ ਮਿਲਖਾ ਸਿੰਘ ਜੀ ਅਰਮਾਨਪੁਰਾ ਵਾਲੇ, ਭਾਈ ਸਾਹਿਬ ਭਾਈ ਸੁਖਦੇਵ ਸਿੰਘ ਜੀ ਮੁੱਖ ਬੁਲਾਰਾ ਦਮਦਮੀ ਟਕਸਾਲ, ਭਾਈ ਹਰਪ੍ਰੀਤ ਸਿੰਘ ਜੀ ਮਨੀ ਹਜ਼ੂਰੀ ਰਾਗੀ ਭੁਚੋ ਸਾਹਿਬ, ਬਾਬਾ ਦਰਸ਼ਨ ਸਿੰਘ ਜੀ ਬੋਰੀਵਾਲੇ, ਸੰਤ ਬਲਜੀਤ ਸਿੰਘ ਜੀ ਨਾਨਕਸਰ ਸ਼ੇਰ ਮੁਹੰਮਦ, ਬਾਬਾ ਸ਼ੇਰ ਸਿੰਘ ਜੀ ਨਾਨਕਸਰ ਮਸੀਤਾ, ਬਾਬਾ ਸਤਨਾਮ ਸਿੰਘ ਜੀ ਸਤਿਕਾਰ ਕਮੇਟੀ, ਭਾਈ ਸਰਬਜੀਤ ਸਿੰਘ ਜੀ ਗੁਰਦੁਆਰਾ ਜਾਮਨੀ ਸਾਹਿਬ, ਗਿਆਨੀ ਭਾਈ ਬੋਹੜ ਸਿੰਘ ਜੀ ਢਾਡੀ ਜਥਾ ਬਾਰੇਕੇ, ਹਜ਼ੂਰੀ ਰਾਗੀ ਭਾਈ ਹਰਨਾਮ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਜ਼ੋਗਾ ਸਿੰਘ, ਭਾਈ ਚੰਨ ਸਿੰਘ, ਭਾਈ ਸੁਖਦੇਵ ਸਿੰਘ ਸੁੱਖਾ ਨਾਨਕਸਰ ਠਾਠ ਛਾਂਗਾ ਖੁਰਦ ਹਜ਼ੂਰੀ ਰਾਗੀ ਗੁਰਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਸਮੂਹ ਪੰਜਾਬ ਭਰ ਦੀ ਅਤੇ ਇਲਾਕੇ ਭਰ ਦੀ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਵਿਸ਼ਾਲ ਨਗਰ ਕੀਰਤਨ 13 ਫਰਵਰੀ ਅਤੇ ਸਲਾਨਾ ਗੁਰਮਤਿ ਸੰਤ ਸਮਾਗਮ ਵਿਚ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ ਅਤੇ ਭਾਰੀ ਗਿਣਤੀ ਵਿਚ ਅੰਮ੍ਰਿਤ ਛਕ ਕੇ ਗੁਰੂ ਦੇ ਜਹਾਜੇ ਚੜ੍ਹ ਕੇ ਆਪਣਾ ਜੀਵਨ ਸਫਲ ਬਣਾਉ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
AWAZE QAUM International Newspaper & WEB TV
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਹਾਕੇ ਰਾਮੇ ਵਾਲਾ ਦੀ ਕੀਤੀ ਚੋਣ



ਫ਼ਿਰੋਜ਼ਪੁਰ, 7 ਫਰਵਰੀ (ਮਨੋਹਰ ਲਾਲ) :— ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲਾ ਫਿਰੋਜ਼ਪੁਰ ਵੱਲੋਂ ਪਿੰਡ ਹਾਕੇ ਰਾਮੇ ਵਾਲਾ ਵਿਖੇ ਜ਼ਿਲਾ ਪ੍ਰਧਾਨ ਦਰਸ਼ਨ ਸਿੰਘ ਕੜਮਾਂ ਅਤੇ ਜ਼ਿਲਾ ਜਨਰਲ ਸਕੱਤਰ ਗੁਲਜ਼ਾਰ ਸਿੰਘ ਕੱਬਰਵੱਛਾ ਦੀ ਅਗਵਾਈ ਹੇਠ ਪਿੰਡ ਹਾਕੇ ਰਾਮੇ ਵਾਲਾ ਦੀ ਇਕਾਈ ਦੀ ਚੋਣ ਕੀਤੀ ਗਈ। ਇਸ ਮੌਕੇ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਮਾਰੂ ਨੀਤੀਆਂ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ ਅਤੇ ਆਉਣ ਵਾਲੀ 12 ਫਰਵਰੀ ਨੂੰ ਪਿੰਡ ਕੁਲਰੀਆਂ ਜ਼ਿਲਾ ਮਾਨਸਾ ਦੀ ਜ਼ਮੀਨ ਵਿਵਾਦ ਨੂੰ ਲੈ ਕੇ ਜ਼ਿਲਾ ਫਿਰੋਜ਼ਪੁਰ ਦੇ ਸਾਰੇ ਐਮ.ਐਲ.ਏ ਦੇ ਘਰ ਦੇ ਘਿਰਾਓ ਬਾਰੇ ਵਿਉਂਤਬੰਦੀ ਕੀਤੀ ਗਈ ਅਤੇ 16 ਫਰਵਰੀ 2024 ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਭਾਰਤ ਬੰਦ ਕਰਨ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪਿੰਡ ਦੇ ਕਿਸਾਨਾਂ ਨੇ ਜਥੇਬੰਦੀ ਨੂੰ ਵਿਸ਼ਵਾਸ਼ ਦਿਵਾਇਆ ਕਿ ਅਸੀਂ ਹਮੇਸ਼ਾ ਜਥੇਬੰਦੀ ਦੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਾਂਗੇ। ਇਸ ਮੌਕੇ ਜ਼ਿਲਾ ਖ਼ਜ਼ਾਨਚੀ ਜੰਗੀਰ ਸਿੰਘ ਖਹਿਰਾ, ਜ਼ਿਲਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਡੋਡ, ਬਲਾਕ ਮਮਦੋਟ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਹਰਬੰਸ ਸਿੰਘ ਜੋਧਪੁਰ ਜਨਰਲ ਸਕੱਤਰ ਜ਼ੀਰਾ ਬਲਾਕ ਗੁਰਚਰਨ ਸਿੰਘ ਨਾਜੂ ਸ਼ਾਹ ਵਾਲਾ ਬਲਵੰਤ ਸਿੰਘ ਨੇ ਪਿੰਡ ਇਕਾਈ ਦੇ ਅਹੁਦੇਦਾਰਾਂ ਨੂੰ ਜਥੇਬੰਦੀ ਦੇ ਬੈਜ ਲਗਾ ਕੇ ਮਾਨਤਾ ਦਿੱਤੀ। ਇਸ ਮੌਕੇ ਪਿੰਡ ਇਕਾਈ ਦਾ ਪ੍ਰਧਾਨ ਜਸਪਾਲ ਸਿੰਘ ਸੋਨੂੰ, ਮੀਤ ਪ੍ਰਧਾਨ ਮਲਕੀਤ ਸਿੰਘ, ਜਨਰਲ ਸਕੱਤਰ ਵਰਿੰਦਰ, ਪ੍ਰੈੱਸ ਸਕੱਤਰ ਸੰਦੀਪ ਸਿੰਘ, ਖਜਾਨਚੀ ਬਲਕਾਰ ਸਿੰਘ, ਸਕੱਤਰ ਗੁਰਦੇਵ ਸਿੰਘ ਨੂੰ ਅਹੁਦੇਦਾਰ ਸੌਂਪਿਆ ਗਿਆ।

# ਸਰਕਾਰੀ ਮਿਡਲ ਸਕੂਲ ਵਿਚ ਕਰਵਾਇਆ ਜਲਗਾਹ ਦਿਵਸ




ਫ਼ਿਰੋਜ਼ਪੁਰ, 7 ਫਰਵਰੀ (ਮਨੋਹਰ ਲਾਲ) :— ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਰਕਾਰੀ ਮਿਡਲ ਸਕੂਲ ਤਾਰਾ ਸਿੰਘ ਵਾਲਾ, ਬਲਾਕ ਫ਼ਿਰੋਜ਼ਪੁਰ 1 ਵਿਖੇ ਵਿਸ਼ਵ ਜਲਗਾਹ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਵਿਚ ਵੱਖ—ਵੱਖ ਵਿਸ਼ਿਆਂ ਤੇ ਆਧਾਰਿਕ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿਚ ਬੱਚਿਆਂ ਨੂੰ ਸ਼ਿਰਕਤ ਕਰਨ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਬੱਚੇ ਪੜ੍ਹਾਈ ਵਿਚ ਪਰਪੱਕ ਹੋ ਸਕਣ। ਇਸ ਸਮਾਗਮ ਦੌਰਾਨ ਸਵੇਰ ਦੀ ਸਭਾ ਵਿਚ ਸਕੂਲ ਦੇ ਸਾਇੰਸ ਵਿਸ਼ੇ ਦੇ ਅਧਿਆਕਿ ਰਕੇਸ਼ ਮਾਹਰ ਵੱਲੋਂ ਆਲੇ—ਦੁਆਲੇ ਮੌਜੂਦ ਜਲਗਾਹਾਂ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਬੱਚਿਆਂ ਨਾਲ ਇਸ ਵਿਸ਼ੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਤਾਂ ਜੋ ਬੱਚੇ ਇਸ ਵਿਸ਼ੇ ਤੋਂ ਗਹੁ ਨਾਲ ਜਾਣੂ ਹੋ ਸਕਣ। ਇਸ ਮੌਕੇ ਸਕੂਲ ਦੇ ਇੰਚਾਰਜ ਕਮਲ ਸ਼ਰਮਾ ਅਤੇ ਮੈਡਮ ਅਰਸ਼ਦੀਪ ਕੌਰ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ ਅਤੇ ਬੱਚਿਆਂ ਨਾਲ ਚੰਗੇਰੀ ਜ਼ਿੰਦਗੀ ਬਤੀਤ ਕਰਨ ਦੇ ਸੁਝਾਅ ਸਾਂਝੇ ਕੀਤੇ ਗਏ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਵੇਰ ਦੀ ਸਭਾ ਵਿਚ ਆਪਣੇ ਆਲੇ—ਦੁਆਲੇ ਮੌਜੂਦ ਜਲਗਾਹਾਂ ਨੂੰ ਬਚਾਉਣ ਦੀ ਸਹੁੰ ਚੁੱਕੀ ਗਈ ਤਾਂ ਜੋ ਵਾਤਾਵਰਣ ਦੀ ਸ਼ੁੱਧਤਾ ਕਾਇਮ ਰਹਿ ਸਕੇ। ਇਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ, ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਇਨਾਮ ਤਕਸੀਮ ਕਰਕੇ ਬੱਚਿਆਂ ਦੀ ਹੌਂਸਲਾ ਅਫਜਾਈ ਕੀਤੀ ਗਈ।

ਮਾਮਲਾ -- ਤਖ਼ਤ ਸੱਚਖੰਡ ਅਬਿਚਲ ਨਗਰ ਹਜ਼ੂਰ ਸਾਹਿਬ ਦੇ ਬੋਰਡ ਦੇ ਐਕਟ ਤਬਦੀਲੀ ਕਰ ਕੇ ਸਰਕਾਰੀ ਮੈਂਬਰਾਂ ਦੀ ਗਿਣਤੀ ਵਾਧਾ ਕਰਨਾ

# ਮਹਾਰਾਸ਼ਟਰ ਸਰਕਾਰ ਨੇ ਸਿੱਖ ਮਸਲਿਆਂ ਚ ਦਿੱਤਾ ਸਿੱਧਾ ਦਖ਼ਲ ਸਿੱਖ ਕੌਮ ਨੂੰ ਢਾਹ ਲਾਉਣ ਦੀਆਂ ਵੱਡੀਆਂ ਸਾਜਿਸ਼ਾਂ : ਭਾਈ ਕਰਨੈਲ ਸਿੰਘ ਪੀਰ ਮੁਹੰਮਦ

**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 7 ਫਰਵਰੀ (ਕੁਲਜੀਤ ਸਿੰਘ ਖੋਖਰ)**-ਮਹਾਰਾਸ਼ਟਰ ਸਰਕਾਰ ਨੇ ਸਿੱਖ ਮਸਲਿਆਂ ਚੇ ਦਿੱਤਾ ਸਿੱਧਾ ਦਖ਼ਲ ਸਿੱਖ ਕੌਮ ਨੂੰ ਢਾਹ ਲਾਉਣ ਦੀਆਂ ਵੱਡੀਆਂ ਸਾਜਿਸ਼ਾਂ ਕੀਤੀ ਜਾ ਰਹੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਪ੍ਰਧਾਨ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ

ਆਵਾਜ਼ਿ ਕੌਮ AWAZE QAUM International Newspaper & WEB TV



ਭਾਈ ਗਗਨਦੀਪ ਸਿੰਘ ਰਿਆੜ ਨੇ ਸਾਂਝੇ ਤੌਰ ਅੱਜ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਖ਼ਤ ਸੱਚਖੰਡ ਅਬਿਚਲ ਨਗਰ ਹਜ਼ੂਰ ਸਾਹਿਬ ਦੇ ਬੋਰਡ ਦੇ ਐਕਟ ਤਬਦੀਲੀ ਕਰ ਕੇ ਸਰਕਾਰੀ ਮੈਂਬਰਾਂ ਦੀ ਗਿਣਤੀ ਵਾਧਾ ਕਰਨਾ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਬੋਰਡ ਦੇ ਐਕਟ 1956 ਨੂੰ ਰੱਦ ਕਰਨ ਕੇ ਨਵਾ 2024 ਐਕਟ ਲਾਗੂ ਕੀਤਾ ਜਾਣਾ ਸਿੱਖਾਂ ਦੇ ਮਸਲਿਆਂ ਵਿੱਚ ਸਿੱਧੀ ਦਖਲਅੰਦਾਜੀ ਮੰਦਭਾਗੀ ਕੀਤੀ ਜਾ ਰਹੀ ਹੈ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੇ ਅੱਗੇ ਕਿਹਾ ਕਿ ਸ਼ੰਦੇ ਸਰਕਾਰ ਨੇ ਮਹਾਰਾਸ਼ਟਰ ਵਿਧਾਨ ਸਭਾ 'ਚ ਇੱਕ ਬਿੱਲ ਪੇਸ਼ ਕਰਕੇ ਐਕਟ ਵਿਚ ਸੋਧ ਕਰਦਿਆਂ ਸਰਕਾਰ ਵੱਲੋਂ ਨਾਮਜ਼ਦ 7 ਮੈਂਬਰਾਂ ਦੀ ਗਿਣਤੀ ਨੂੰ ਵਧਾ ਕੇ 12 ਕੀਤੇ ਜਾਣ ਦਾ ਬਿੱਲ ਪਾਸ ਕਰ ਦਿੱਤਾ ਹੈ। ਬੋਰਡ ਦੇ ਵਿਚ ਸ਼੍ਰੋਮਣੀਕਮੇਟੀ ਦੇ 4 ਮੈਂਬਰਾਂ ਦੀ ਗਿਣਤੀ ਨੂੰ ਘੱਟ ਕਰਦਿਆਂ ਕਮੇਟੀ ਦੇ 2 ਮੈਂਬਰ ਸ਼ਾਮਲ ਕੀਤੇ ਗਏ ਹਨ। ਨਵੇਂ ਬਿੱਲ ਮੁਤਾਬਕ ਚੀਫ ਖ਼ਾਲਸਾ ਦੀਵਾਨ ਤੇ ਹਜ਼ੂਰੀ ਖ਼ਾਲਸਾ ਦੀਵਾਨ ਦੇ ਮੈਂਬਰਾਂ ਨੂੰ ਬੋਰਡ 'ਚੋਂ ਮਨਫੀ ਕਰ ਦਿੱਤਾ ਗਿਆ ਹੈ। ਨਵੇ ਬਿੱਲ ਮੁਤਾਬਕ ਹੁਣ 17 ਮੈਂਬਰੀ ਬੋਰਡ ਵਿਚ ਸਰਕਾਰ ਵੱਲੋਂ ਨਾਮਜਦ 12 ਮੈਂਬਰਾਂ ਦੇ ਨਾਲ-ਨਾਲ 3 ਮੈਂਬਰ ਚੋਣ ਜਿੱਤ ਕੇ ਆਉਣਗੇ ਅਤੇ 2 ਮੈਂਬਰ ਸ਼੍ਰੋਮਣੀ ਕਮੇਟੀ ਨਾਮਜ਼ਦ ਕਰ ਸਕੇਗੀ। ਇਸ ਬਿੱਲ ਦੇ ਪਾਸ ਹੋਣ ਨਾਲ ਮਹਾਰਾਸ਼ਟਰ ਦੇ ਸਿੱਖਾਂ ਦੇ ਵਿਚ ਰੋਸ ਹੈ ਤੇ ਇਸ ਬਿੱਲ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧੀ ਦਖਲ ਅੰਦਾਜੀ ਮੰਨਿਆ ਜਾ ਰਿਹਾ ਹੈ। ਨਾਂਦੇੜ ਸਿੱਖ ਗੁਰਦਵਾਰਾ ਐਕਟ 1956 ਮੁਤਾਬਕ ਪਹਿਲਾਂ 3 ਮੈਂਬਰ ਸਥਾਨਕ ਸਿੱਖਾਂ ਵੱਲੋਂ ਵੋਟਾਂ ਰਾਹੀ ਚੁਣੇ ਜਾਂਦੇ ਸਨ। ਭਾਈ ਕਰਨੈਲ ਸਿੰਘ ਪੀਰ ਤੇ ਗਗਨਦੀਪ ਸਿੰਘ ਰਿਆੜ ਨੇ ਅੱਗੇ ਦੱਸਿਆ ਕਿ ਪਹਿਲਾਂ ਨਾਲ ਨਾਲ ਸਰਕਾਰ ਵੱਲੋਂ ਇਕ ਮੈਂਬਰ ਹੈਦਰਾਬਾਦ ਤੇ ਸਿਕੰਦਰਾਬਾਦ ਦੇ ਸਿੱਖਾਂ 'ਚੋਂ ਚੁਣਿਆ ਜਾਂਦਾ ਸੀ। ਇਕ ਮੈਂਬਰ ਸ਼੍ਰੋਮਣੀ ਕਮੇਟੀ ਦੀ ਰਾਏ ਨਾਲ ਮੱਧ ਪ੍ਰਦੇਸ਼ ਦੇ ਸਿੱਖਾਂ 'ਚੋਂ ਅਤੇ ਤਿੰਨ ਮੈਂਬਰ ਸ਼੍ਰੋਮਣੀ ਕਮੇਟੀ ਵੱਲੋਂ ਲਏ ਜਾਂਦੇ ਸਨ।

ਦੋ ਸਿੱਖ ਮੈਂਬਰ ਪਾਰਲੀਮੈਂਟ ਦੇ ਨਾਲ-ਨਾਲ ਇਕ ਮੈਂਬਰ ਚੀਫ ਖ਼ਾਲਸਾ ਦੀਵਾਨ ਅਤੇ 4 ਮੈਂਬਰ ਹਜ਼ੂਰੀ ਖ਼ਾਲਸਾ ਦੀਵਾਨ ਦੇ ਹੁੰਦੇ ਸਨ। ਇਨਾਂ ਮੈਂਬਰਾਂ ਦੀ ਰਾਏ ਨਾਲ ਪ੍ਰਧਾਨ ਨਾਂਦੇੜ ਬੋਰਡ ਦੀ ਚੋਣ ਸਰਕਾਰੀ ਤੌਰ 'ਤੇ ਮੈਂਬਰਾਂ ਦੀ ਰਾਏ ਨਾਲ ਕੀਤੀ ਜਾਂਦੀ ਸੀ। ਹੁਣ ਨਵੇ ਐਕਟ ਮੁਤਾਬਕ ਜੋ ਕਿ 5 ਫਰਵਰੀ 2024 ਨੂੰ ਪਾਸ ਕੀਤਾ ਗਿਆ ਹੈ, ਸਰਕਾਰ 12 ਮੈਂਬਰਾਂ ਨੂੰ ਨਾਮਜਦ ਕਰੇਗੀ, ਦੋ ਮੈਂਬਰ ਸ਼੍ਰੋਮਣੀ ਕਮੇਟੀ ਤੇ 3 ਮੈਂਬਰ ਵੋਟਾਂ ਰਾਹੀ ਜਿੱਤ ਕੇ ਬੋਰਡ ਵਿਚ ਸ਼ਾਮਲ ਕੀਤੇ ਜਾਣਗੇ। ਚੀਫ ਖਾਲਸਾ ਦੀਵਾਨ, ਹਜੂਰੀ ਖਾਲਸਾ ਦੀਵਾਨ ਤੇ ਸਿੱਖ ਮੈਂਬਰ ਪਾਰਲੀਮੈਂਟ ਨੂੰ ਮਨਫੀ ਕਰ ਦਿੱਤਾ ਗਿਆ ਹੈ। ਇਸ ਮੌਕੇ ਤੇ ਸੀਨੀਅਰ ਆਗੂ ਭਾਈ ਪਰਮਿੰਦਰ ਸਿੰਘ ਢੀਂਗਰਾ, ਜਗਰੂਪ ਸਿੰਘ ਚੀਮਾ, ਡਾਕਟਰ ਕਾਰਜ ਸਿੰਘ, ਗੁਰਮੁੱਖ ਸਿੰਘ ਸੰਧੂ, ਸੁਖਵਿੰਦਰ ਸਿੰਘ ਦੀਨਾਨਗਰ, ਲਵਪ੍ਰੀਤ ਸਿੰਘ ਬਟਾਲਾ, ਅਮਨਦੀਪ ਸਿੰਘ ਰਿਆੜ, ਡਾਕਟਰ ਰਣਜੀਤ ਸਿੰਘ ਹਰਚੋਵਾਲ ਆਦਿ ਆਗੂ ਹਾਜਰ ਸਨ।

> **ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਬੋਰਡ ਦੇ ਐਕਟ 1956 ਨੂੰ ਰੱਦ ਕਰਨ ਕੇ ਨਵਾ 2024 ਐਕਟ ਲਾਗੂ ਕੀਤਾ ਜਾਣਾ ਸਿੱਖਾਂ ਦੇ ਮਸਲਿਆਂ ਵਿੱਚ ਸਿੱਧੀ ਦਖਲਅੰਦਾਜੀ ਮੰਦਭਾਗੀ ਗੱਲ**

## ਅਕਾਲ ਯੂਨੀਵਰਸਿਟੀ ਵਿਚ ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ

# ਭਾਸ਼ਣ ਮੁਕਾਬਲੇ ਦਾ ਆਯੋਜਨ





**ਤਲਵੰਡੀ ਸਾਬੋ, 07 ਫਰਵਰੀ (ਗੁਰਜੰਟ ਸਿੰਘ ਨਥੇਹਾ)**-ਅਕਾਲ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਹਰ ਖੇਤਰ ਦੀ ਜਾਣਕਾਰੀ ਦੇਣ ਲਈ ਨਿਰੰਤਰ ਗਤੀਵਿਧੀਆਂ ਹੁੰਦੀਆਂ ਰਹਿੰਦੀਆਂ ਹਨ, ਜਿਸ ਤਹਿਤ ਯੂਨੀਵਰਸਿਟੀ ਦੇ ਐੱਨ.ਐੱਸ.ਐੱਸ.ਐੱਨ.ਸੀ.ਸੀ ਅਤੇ ਸੋਸ਼ਲ ਸਾਇੰਸ ਵਿਭਾਗ ਵੱਲੋਂ ਸਾਂਝੇ ਰੂਪ ਵਿਚ ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ ਭਾਸ਼ਣ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਐੱਨ.ਐੱਸ.ਐੱਸ ਪ੍ਰੋਗਰਾਮ ਅਫਸਰ ਡਾ. ਸੰਦੀਪ ਸਿੰਘ ਨੇ ਸਭ ਦਾ ਸਵਾਗਤ ਕਰਦਿਆਂ ਸਮੁੱਚੇ ਪ੍ਰੋਗਰਾਮ ਦੀ ਰੂਪ ਰੇਖਾ ਸਾਂਝੀ ਕੀਤੀ। ਭਾਸ਼ਣ ਮੁਕਾਬਲੇ ਦੇ ਵਿਸ਼ਿਆਂ ਵਿਚ 'ਲੋਕਤੰਤਰ ਤੇ ਵੋਟਰਾਂ ਦੀ ਭਾਗੀਦਾਰੀ' ਅਤੇ 'ਭਾਰਤ ਦੀ ਲੋਕਤੰਤਰ ਪ੍ਰਣਾਲੀ ਦਾ ਮਹੱਤਵ' ਸ਼ਾਮਿਲ ਸੀ। ਇਸ ਭਾਸ਼ਣ ਮੁਕਾਬਲੇ ਦੌਰਾਨ 11 ਵਿਦਿਆਰਥੀਆਂ ਨੇ ਮੰਚ ਤੋਂ ਆਪਣੇ ਲੈਕਚਰ ਰਾਹੀਂ ਵਿਦਿਆਰਥੀਆਂ ਨੂੰ ਵੋਟ-ਅਧਿਕਾਰ ਦੇ ਮਹੱਤਵ ਬਾਰੇ ਜਾਗਰੂਕ ਕੀਤਾ। ਉਹਨਾਂ ਨੇ ਵੋਟ ਨਾ ਪਾਉਣ ਦੇ ਨੁਕਸਾਨਾਂ ਅਤੇ ਸਹੀ ਢੰਗ ਨਾਲ ਸਹੀ ਵਿਅਕਤੀ ਨੂੰ ਵੋਟ ਪਾਉਣ ਦੇ ਫਾਇਦੇ ਰੌਚਕ ਢੰਗ ਨਾਲ ਪੇਸ਼ ਕੀਤੇ। ਉਹਨਾਂ ਨੇ ਨਵੀਂ ਵੋਟ ਬਣਾਉਣ ਸੰਬੰਧੀ ਵੈਬ ਲਿੰਕ ਸਾਂਝਾ ਕੀਤਾ ਅਤੇ ਵਿਦਿਆਰਥੀਆਂ ਨੂੰ 'ਵੋਟਰ ਹੈਲਪਲਾਈਨ ਐਪ' ਬਾਰੇ ਜਾਣਕਾਰੀ ਦਿੱਤੀ। ਵੋਟ ਪਾਉਣ ਦੀ ਪੂਰੀ ਵਿਵਹਾਰਕ ਪ੍ਰਕਿਰਿਆ ਬਾਰੇ ਵੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਪ੍ਰੋਗਰਾਮ ਦੀ ਪ੍ਰਧਾਨਗੀ 'ਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਮੇਜਰ ਜਨਰਲ ਡਾ. ਗੁਰਚਰਨ ਸਿੰਘ ਲਾਂਬਾ ਨੇ ਕੀਤੀ। ਉਹਨਾਂ ਨੇ ਮੰਚ ਤੋਂ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਜਿਹੜਾ ਵਿਅਕਤੀ ਆਪਣੇ ਵੋਟ ਅਧਿਕਾਰ ਦਾ ਠੀਕ ਪ੍ਰਯੋਗ ਨਹੀਂ ਕਰਦਾ, ਉਹ ਇਕ ਚੰਗੇ ਰਾਸ਼ਟਰ ਨਿਰਮਾਣ ਲਈ ਆਪਣੇ ਹਿੱਸੇ ਆਏ ਇਕ ਬੇਹਦ ਅਹਿਮ ਕੰਮ ਕਰਨ ਤੋਂ ਵਾਂਝਾ ਹੀ ਰਹਿ ਜਾਂਦਾ ਹੈ। ਪ੍ਰੋਗਰਾਮ ਦੇ ਸਮਾਪਨ ਸਮੇਂ ਐੱਨ.ਐੱਸ.ਐੱਸ ਕੋਆਰਡੀਨੇਟਰ ਡਾ. ਜਨਪ੍ਰੀਤ ਸਿੰਘ ਨੇ ਮੰਚ ਤੋਂ ਕਿਹਾ ਕਿ ਅੱਜ ਦੇ ਰਾਜਨੀਤਕ ਹਾਲਾਤ ਦੀ ਗੰਭੀਰਤਾ ਅਤੇ ਸੰਵੇਦਨਸ਼ੀਲਤਾ ਨੂੰ ਧਿਆਨ ਵਿਚ ਰੱਖਦਿਆਂ ਹਰ ਵਿਦਿਆਰਥੀ ਲਈ ਆਪਣੇ ਵੋਟ-ਅਧਿਕਾਰ ਲਈ ਜਾਗਰੂਕ ਹੋਣਾ ਲਾਜ਼ਮੀ ਹੋ ਗਿਆ ਹੈ। ਉਪਰੰਤ ਉਹਨਾਂ ਨੇ ਸਭ ਦਾ ਧੰਨਵਾਦ ਕੀਤਾ। ਅੰਤ ਵਿਚ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਪ੍ਰਮਾਣ-ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਜਰਖੜ ਖੇਡਾਂ ਦਾ ਪੋਸਟਰ ਹੋਇਆ ਜਾਰੀ, 10 ਫਰਵਰੀ ਨੂੰ ਉਦਘਾਟਨੀ ਸਮਾਰੋਹ ਹੋਵੇਗਾ ਲਾਜਵਾਬ

# 11 ਫਰਵਰੀ ਨੂੰ ਹਰਜੀਤ ਹਰਮਨ ਦਾ ਲੱਗੇਗਾ ਖੁੱਲਾ ਅਖਾੜਾ



**ਲੁਧਿਆਣਾ/ਜਰਖੜ/ਨਕੋਦਰ/ਮਹਿਤਪੁਰ, 7 ਫਰਵਰੀ (ਹਰਜਿੰਦਰ ਪਾਲ ਛਾਬੜਾ)**- ਪੰਜਾਬ ਦੀਆਂ 36ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 10 ਅਤੇ 11 ਫਰਵਰੀ ਨੂੰ ਹੋ ਰਹੀਆਂ ਹਨ ਉਹਨਾਂ ਦਾ ਅੱਜ ਜਰਖੜ ਖੇਡ ਸਟੇਡੀਅਮ ਵਿਖੇ ਪੋਸਟਰ ਜਾਰੀ ਕੀਤਾ ਅਤੇ ਖੇਡਾਂ ਦੀਆਂ ਤਿਆਰੀਆਂ ਮੁਕੰਮਲ ਕੀਤੀਆ ਗਈਆ ।ਜਰਖੜ ਖੇਡਾਂ ਸਬੰਧੀ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਜਰੂਰੀ ਮੀਟਿੰਗ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ, ਮੀਟਿੰਗ ਦੇ ਕਾਰਵਾਈ ਬਾਰੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਟੂਰਨਾਮੈਂਟ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀ ਸਰਪ੍ਰਸਤੀ ਹੇਠ ਕਰਵਾਇਆ ਜਾ ਰਿਹਾ ਹੈ ਉਹਨਾਂ ਦੱਸਿਆ ਕਿ 10 ਫਰਵਰੀ ਨੂੰ ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ । ਜਿਸ ਵਿੱਚ ਇਲਾਕੇ ਦੇ ਸਕੂਲੀ ਬੱਚਿਆਂ ਦਾ ਮਾਰਚ ਪਾਸਟ ਤੇ ਸੱਭਿਆਚਾਰਕ ਪ੍ਰੋਗਰਾਮ ਮੁੱਖ ਖਿੱਚ ਦਾ ਕੇਂਦਰ ਹੋਣਗੇ। ਇਸ ਤੋਂ ਇਲਾਵਾ ਸਕੂਲੀ ਬੱਚਿਆਂ ਦੇ ਖੇਡ ਮੁਕਾਬਲੇ ਕਬੱਡੀ , ਰੱਸਾਕਸ਼ੀ, ਸਰਕਾਰੀ ਸਕੂਲਾਂ ਦੇ ਰੱਸਾਕਸੀ ਦੇ ਮੁਕਾਬਲੇ, ਹਾਕੀ ਮੁੰਡੇ ਕੁੜੀਆਂ , ਹਾਕੀ ਅੰਡਰ 15 ਸਾਲ , ਕੁਸ਼ਤੀਆਂ, ਵਾਲੀਬਾਲ ਆਦਿ ਖੇਡਾਂ ਦੇ ਮੁਕਾਬਲੇ ਖਿੱਚ ਦਾ ਕੇਂਦਰ ਹੋਣਗੇ ਜਦਕਿ 11 ਫਰਵਰੀ ਨੂੰ ਕਬੱਡੀ ਓਪਨ ਨਾਇਬ ਸਿੰਘ ਗਰੇਵਾਲ ਜੋਧਾ ਕਬੱਡੀ ਕੱਪ ਹੋਵੇਗਾ। ਏਵਨ ਸਾਈਕਲ ਕੰਪਨੀ ਵੱਲੋਂ ਜਰਖੜ ਖੇਡ ਸਟੇਡੀਅਮ ਨੂੰ ਪੂਰੀ ਰੰਗ ਰੋਗਨ ਕਰਕੇ ਸਜਾਇਆ ਗਿਆ । ਉਨ੍ਹਾਂ ਦੱਸਿਆ ਕਿ ਹਾਕੀ ਦੇ ਮੁਕਾਬਲੇ 9 ਫਰਵਰੀ ਨੂੰ ਵੀ ਹੋਣਗੇ ਜਦਕਿ ਟੂਰਨਾਮੈਂਟ ਦਾ ਉਦਘਾਟਨ 10 ਫਰਵਰੀ ਨੂੰ ਹੋਵੇਗਾ ਅਤੇ ਫਾਈਨਲ ਮੁਕਾਬਲੇ 11 ਫਰਵਰੀ ਨੂੰ ਹੋਣਗੇ ਇਸ ਮੌਕੇ ਦੁਪਹਿਰੇ 2 ਵਜੇ ਲੋਕ ਗਾਇਕ ਹਰਜੀਤ ਹਰਮਨ, ਉਬਰਦੀ ਗੈਕ ਜੋੜੀ ਗੁਰਜਾਨ ਅਤੇ ਰੂਪ ਦਾ ਖੁੱਲਾ ਅਖਾੜਾ ਲੱਗੇਗਾ। ਕਬੱਡੀ ਦੇ ਮੈਚ ਸ਼ਾਮ 5 ਵਜੇ ਤੋਂ ਪਹਿਲਾਂ ਹੀ ਸਮਾਪਤ ਕਰ ਦਿੱਤੇ ਜਾਣਗੇ। ਜੇਤੂ ਖਿਡਾਰੀਆਂ ਨੂੰ ਏਵਨ ਸਾਈਕਲ ਕੰਪਨੀ ਵੱਲੋਂ 60 ਸਾਈਕਲ ਦਿੱਤੇ ਜਾਣਗੇ। ਫਾਈਨਲ ਸਮਾਰੋਹ ਤੇ ਤੇ 6 ਸ਼ਖਸੀਅਤਾਂ ਦਾ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨ ਹੋਵੇਗਾ। ਉਦਘਾਟਨੀ ਸਮਾਰੋਹ ਦੇ ਮੁੱਖ ਮਹਿਮਾਨ ਕੁਲਦੀਪ ਸਿੰਘ ਚਾਹਲ ਪੁਲਿਸ ਕਮਿਸ਼ਨਰ ਲੁਧਿਆਣਾ ਹੋਣਗੇ ਜਦਕਿ ਫਾਈਨਲ ਸਮਾਰੋਹ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਮੁੱਖ ਮਹਿਮਾਨ ਵਜੋਂ ਜੇਤੂਆਂ ਨੂੰ ਇਨਾਮਾਂ ਦੀ ਵੰਡ ਕਰਨਗੇ ਅੱਜ ਦੀ ਮੀਟਿੰਗ ਵਿੱਚ ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ , ਦਲਜੀਤ ਸਿੰਘ ਜਰਖੜ ਕੈਨੇਡਾ, ਐਡਵੋਕੇਟ ਸੁਮਿਤ ਸਿੰਘ,ਸ਼ੰਗਾਰਾ ਸਿੰਘ ਜਰਖੜ, ਪਰਮਜੀਤ ਸਿੰਘ ਨੀਟੂ, ਦੁਪਿੰਦਰ ਸਿੰਘ ਡਿੰਪੀ, ਸਾਹਿਬਜੀਤ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਅਜੀਤ ਸਿੰਘ ਲਾਦੀਆ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਤੇਜ ਸਿੰਘ ਬਾਕਸਿੰਗ ਕੋਚ, ਜਸਮੇਲ ਸਿੰਘ ਨੋਕਵਾਲ, ਤੇਜਿੰਦਰ ਸਿੰਘ ਜਰਖੜ, ਸੰਦੀਪ ਸਿੰਘ ਜਰਖੜ , ਮਨਦੀਪ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਅਮਰਜੀਤ ਸਿੰਘ ਜੱਗੀ, ਰਾਜਿੰਦਰ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਜੇਕਰ ਪੰਜਾਬ ਸਰਕਾਰ ਨੇ ਭਾਨਾ ਸਿੱਧੂ ਨੂੰ ਕੀਤਾ ਰਿਹਾਅ ਤਾਂ ਸ਼ਿਵ ਸੈਨਾ ਕਰੇਗੀ ਤਿੱਖਾ ਵਿਰੋਧ: ਮਿੱਕੂ ਚੌਧਰੀ



ਫ਼ਿਰੋਜ਼ਪੁਰ, 7 ਫਰਵਰੀ (ਮਨੋਹਰ ਲਾਲ) :— ਸ਼ਿਵ ਸੈਨਾ ਬਾਲ ਠਾਕਰੇ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਮਿੱਕੂ ਚੌਧਰੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਵਿਗੜ ਚੁੱਕੀ ਹੈ, ਜਿਸ ਤਰ੍ਹਾਂ ਹਰ ਰੋਜ਼ ਹਿੰਦੂ ਆਗੂਆਂ ਨੂੰ ਘਰਾਂ ਵਿੱਚ ਬੰਦ ਕਰਕੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਉਹਨਾਂ ਤੇ ਪਰਚੇ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਜਾਂਦਾ ਹੈ। ਮੀਤ ਪ੍ਰਧਾਨ ਮਿੱਕੂ ਚੌਧਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਵੱਖ—ਵੱਖ ਥਾਵਾਂ ਤੇ ਪਰਚੇ ਦਰਜ ਕਰਕੇ ਭਾਨਾ ਸਿੱਧੂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ ਅਤੇ ਭਾਨੇ ਸਿੱਧੂ ਤੇ ਫਿਰੌਤੀ ਮੰਗਣ ਅਤੇ ਖੋਹ ਕਰਨ ਵਰਗੇ ਗੰਭੀਰ ਦੋਸ਼ ਲਾਏ ਗਏ ਸਨ, ਪਰ ਬੜੇ ਅਫਸੋਸ ਦੀ ਗੱਲ ਹੈ, ਹੁਣ ਸਰਕਾਰ ਨੇ ਡਰਦਿਆਂ ਉਸ ਨੂੰ ਰਿਹਾਅ ਕਰਨ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਨਾਮ ਦੀ ਕੋਈ ਚੀਜ਼ ਨਹੀਂ ਹੈ, ਹੁਣ ਪੰਜਾਬ ਸਰਕਾਰ ਦੇ ਇਸ਼ਾਰੇ ਤੇ ਪੁਲਿਸ ਅਧਿਕਾਰੀਆਂ ਵੱਲੋਂ ਲਿਖਤੀ ਰੂਪ ਵਿੱਚ ਦਿੰਦਿਆਂ ਕਿਹਾ ਕਿ 10 ਫਰਵਰੀ ਤੱਕ ਭਾਨਾ ਸਿੱਧੂ ਨੂੰ ਰਿਹਾਅ ਕਰ ਦਿੱਤਾ ਜਾਵੇਗਾ, ਜੋ ਕਿ ਨਿਆਂ ਪ੍ਰਣਾਲੀ ਅਤੇ ਕਾਨੂੰਨ ਵਿਵਸਥਾ ਦਾ ਕੋਰਾ ਮਜ਼ਾਕ ਹੈ। ਸ੍ਰੀ ਚੌਧਰੀ ਨੇ ਕਿਹਾ ਕਿ ਹੁਣ ਕੁਝ ਲੋਕਾਂ ਦੇ ਵਿਰੋਧ ਦਾ ਸ਼ਿਕਾਰ ਹੋ ਕੇ ਪੰਜਾਬ ਸਰਕਾਰ ਵੱਲੋਂ ਭਾਨਾ ਸਿੱਧੂ ਨੂੰ ਰਿਹਾਅ ਕਰਨ ਦਾ ਫੈਸਲਾ ਸਰਾਸਰ ਗਲਤ ਹੈ ਜਿਸ ਨੂੰ ਸ਼ਿਵ ਸੈਨਾ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗੀ ।ਸ੍ਰੀ ਮਿੱਕੂ ਚੌਧਰੀ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਭਾਨੇ ਸਿੱਧੂ ਨੂੰ ਰਿਹਾਅ ਕਰਨ ਦਾ ਫੈਸਲਾ ਕਰਦੀ ਹੈ ਤਾਂ ਸ਼ਿਵ ਸੈਨਾ ਪੂਰੇ ਪੰਜਾਬ ਵਿੱਚ ਪੰਜਾਬ ਦੇ ਮੁੱਖ ਮੰਤਰੀ ਦੇ ਪੁਤਲੇ ਫੂਕੇਗੀ ਅਤੇ ਪੰਜਾਬ ਸਰਕਾਰ ਖਿਲਾਫ ਸ਼ਿਵ ਸੈਨਿਕਾਂ ਵੱਲੋਂ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਚ ਸਰਕਾਰ ਭਗਵੰਤ ਮਾਨ ਦੇ ਮਨਸੂਬਿਆਂ ਅਨੁਸਾਰ ਨਹੀਂ ਸਗੋਂ ਕਾਨੂੰਨ ਅਤੇ ਸੰਵਿਧਾਨ ਅਨੁਸਾਰ ਚੱਲੇਗੀ ਅਤੇ ਮਿੱਕੂ ਚੌਧਰੀ ਨੇ ਕਿਹਾ ਕਿ ਪੰਜਾਬ ਵਿੱਚ ਖਾਲਿਸਤਾਨੀਆਂ ਦੀ ਸਰਕਾਰ ਬਣੀ ਹੋਈ ਹੈ, ਹਮੇਸ਼ਾ ਹੀ ਭਗਵੰਤ ਮਾਨ ਸਰਕਾਰ ਖਾਲਿਸਤਾਨੀਆਂ ਅਤੇ ਉਹਨਾਂ ਦੇ ਗੁੰਡਿਆਂ ਅੱਗੇ ਆਤਮ ਸਮਰਪਣ ਕਰਦੀ ਆ ਰਹੀ ਹੈ। ਸ੍ਰੀ ਮਿੱਕੂ ਚੌਧਰੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਪੁਲਿਸ ਨੂੰ ਆਪਣੀ ਕਠਪੁਤਲੀ ਨਹੀਂ ਬਣਾਉਣਾ ਚਾਹੀਦਾ, ਪੰਜਾਬ ਪੁਲਿਸ ਦੁਨੀਆਂ ਵਿੱਚ ਇੱਕ ਬਹਾਦਰ ਅਤੇ ਨਿਡਰ ਪੁਲਿਸ ਵਜੋਂ ਜਾਣੀ ਜਾਂਦੀ ਹੈ। ਉਸ ਨੂੰ ਦਬਾਅ ਪਾ ਕੇ ਗਲਤ ਕੰਮ ਕਰਨ ਲਈ ਮਜਬੂਰ ਨਾ ਕੀਤਾ ਜਾਵੇ। ਉਨ੍ਹਾਂ ਕਿਹਾਕਿ ਪੰਜਾਬ ਪੁਲਿਸ ਨੂੰ ਆਪਣੇ ਤਰੀਕੇ ਨਾਲ ਕੰਮ ਕਰਨ ਦਿਓ, ਭਾਨਾ ਸਿੱਧੂ ਦੇ ਖਿਲਾਫ ਕੇਸ ਵਾਪਸ ਲੈਣ ਨਾਲ ਪੰਜਾਬ ਪੁਲਿਸ ਦਾ ਮਨੋਬਲ ਵੀ ਡਿੱਗੇਗਾ ਅਤੇ ਇਸ ਲਈ ਪੰਜਾਬ ਪੁਲਿਸ ਨੂੰ ਆਜ਼ਾਦੀ ਦਿਓ ਅਤੇ ਇਸਨੂੰ ਆਪਣੇ ਤਰੀਕੇ ਨਾਲ ਕੰਮ ਕਰਨ ਦਿਓ।

ਆਵਾਜ਼ਿ ਕੌਮ AWAZE QAUM International Newspaper & WEB TV

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੋਟੜਾ ਅਮਰੂ ਤੋਂ ਘਾਸੀਵਾਲਾ ਰੋਡ 'ਤੇ ਬਣਨ ਵਾਲੇ ਹਾਈ ਲੈਵਲ ਬ੍ਰਿਜ ਦਾ ਨੀਂਹ ਪੱਥਰ ਰੱਖਿਆ

## 2.77 ਕਰੋੜ ਨਾਲ ਬਣਨ ਵਾਲਾ ਪੁਲ ਮੁਕੰਮਲ ਹੋਣ ਮਗਰੋਂ ਲੋਕਾਂ ਲਈ ਬਣੇਗਾ ਵਰਦਾਨ: ਅਮਨ ਅਰੋੜਾ



**ਸੁਨਾਮ ਊਧਮ ਸਿੰਘ ਵਾਲਾ, ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਸੁਨਾਮ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਪੁਲਾਂਘ ਪੁਟਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਕੋਟੜਾ ਅਮਰੂ ਤੋਂ ਘਾਸੀਵਾਲਾ ਸੜਕ 'ਤੇ ਸਥਿਤ ਸਰਹਿੰਦ ਚੋਅ 'ਤੇ ਕਰੀਬ 2.77 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਹਾਈ ਲੈਵਲ ਬ੍ਰਿਜ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਸ ਪੁਲ ਦੇ ਨਿਰਮਾਣ ਨਾਲ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਕਿਉਂਕਿ ਇਹ ਇਥੋਂ ਦੇ ਨਿਵਾਸੀਆਂ ਦੀ ਬਹੁਤ ਅਹਿਮ ਤੇ ਵੱਡੀ ਮੰਗ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਬਰਸਾਤੀ ਦਿਨਾਂ ਦੇ ਦੌਰਾਨ ਇਸ ਪੁਲ ਦੀ ਕਮੀ ਕਾਰਨ ਲੋਕਾਂ ਨੂੰ ਪਾਣੀ ਦੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਪੁਲ ਦੇ ਨਿਰਮਾਣ ਨਾਲ ਲੋਕ ਵੱਡੀ ਰਾਹਤ ਮਹਿਸੂਸ ਕਰਨਗੇ। ਉਨ੍ਹਾਂ ਦੁਹਰਾਇਆ ਕਿ ਹਲਕਾ ਸੁਨਾਮ ਦੇ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾ ਤੋਂ ਉਹ ਚੰਗੀ ਤਰ੍ਹਾਂ ਵਾਕਫ ਹਨ ਅਤੇ ਪੜਾਅਵਾਰ ਸਭ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਵੀ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਪੁਲ ਦੀ ਲੰਬਾਈ ਕਰੀਬ 42 ਮੀਟਰ ਹੋਵੇਗੀ। ਉਨ੍ਹਾਂ ਕਿਹਾ ਕਿ ਪਾਰਟੀਬਾਜ਼ੀ ਦੇ ਪੱਧਰ ਤੋਂ ਉਪਰ ਉਠ ਕੇ ਸਮੁੱਚੇ ਹਲਕੇ ਦੇ ਵਿਕਾਸ ਕਾਰਜ ਬਿਨਾਂ ਕਿਸੇ ਪੱਖਪਾਤ ਤੋਂ ਕਰਵਾਏ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਾਂਝੇ ਕੰਮ ਹਨ ਅਤੇ ਪਿਛਲੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਹਨ ਜਿਨ੍ਹਾਂ ਨੂੰ ਤਰਜੀਹ ਦੇ ਆਧਾਰ 'ਤੇ ਨੇਪਰੇ ਚੜ੍ਹਾਉਣ ਲਈ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੀ ਦ੍ਰਿੜਤਾ, ਮਿਹਨਤ ਤੇ ਇਮਾਨਦਾਰੀ ਨਾਲ ਲੱਗੀ ਹੋਈ ਹੈ। ਇਸ ਮੌਕੇ ਮੋਹਿਤ ਕੁਮਾਰ ਐਸ.ਡੀ.ਓ, ਸੁਖਪਾਲ ਸਿੰਘ, ਗੁਰਚਰਨ ਸਿੰਘ ਬਲਾਕ ਪ੍ਰਧਾਨ, ਲਖਵਿੰਦਰ ਸਿੰਘ ਸਰਪੰਚ, ਲਾਭ ਸਿੰਘ ਨੀਲੋਵਾਲ, ਦੇਵ ਸਿੰਘ ਮੈਂਬਰ, ਡਾ. ਪ੍ਰੀਤਮ ਸਿੰਘ, ਗੁਰਿੰਦਰਪਾਲ ਖੇੜੀ, ਦੀਪ ਸਰਪੰਚ, ਨਰਿੰਦਰ ਠੇਕੇਦਾਰ, ਗੁਰਪਿਆਰ ਸਿੰਘ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

9 ਫਰਵਰੀ ਨੂੰ ਜਨਮ-ਦਿਨ 'ਤੇ ਵਿਸ਼ੇਸ਼

# ਗੁਰੂ ਘਰ ਦਾ ਸ਼ਰਧਾਲੂ : ਬਾਬਾ ਮੋਤੀ ਰਾਮ



**ਬਾਬਾ ਮੋਤੀ** ਰਾਮ ਮਹਿਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਸਮਰਪਿਤ ਚੇਲਾ ਅਤੇ ਸੇਵਕ ਸੀ। ਬਾਬਾ ਮੋਤੀ ਰਾਮ ਮਹਿਰਾ ਦੀ ਉਮਰ 40 ਸਾਲ ਸੀ ਜੋ ਸਰਹਿੰਦ ਦੇ ਰਹਿਣ ਵਾਲੇ ਤੇ ਬਹੁਤ ਹੀ ਗ਼ਰੀਬ ਪਰਿਵਾਰ ਨਾਲ ਸੰਬੰਧਿਤ ਸਨ। ਆਪ ਦੀ ਰਿਹਾਇਸ਼ ਮਨਸੂਰੀਵ ਟਿੱਬੇ ਤੇ ਇੱਕ ਕੱਚੇ ਮਕਾਨ ਵਿੱਚ ਸੀ, ਜਿੱਥੇ ਉਹ ਆਪਣੀ ਪਤਨੀ ਭੋਲੀ ਜਿਸ ਦੀ ਉਮਰ 38 ਸਾਲ, ਬਿਰਧ ਮਾਤਾ ਦੀ ਉਮਰ 70 ਸਾਲ ਅਤੇ ਇੱਕ ਸੱਤ ਸਾਲ ਦੇ ਪੁੱਤਰ ਨਾਲ ਰਹਿੰਦੇ ਸਨ। ਆਪ ਗੁਰੂ ਘਰ ਦੇ ਪੱਕੇ ਸ਼ਰਧਾਲੂ ਸਨ। ਪੰਜਾਂ ਪਿਆਰਿਆਂ ਵਿੱਚੋਂ ਭਾਈ ਹਿੰਮਤ ਸਿੰਘ ਜੀ ਇਹਨਾਂ ਦੇ ਰਿਸ਼ਤੇਦਾਰ ਸਨ। ਮਾਲਵੇ ਦੀ ਸਿੱਖ ਸੰਗਤ ਜਦੋਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਅਨੰਦਪੁਰ ਸਾਹਿਬ ਜਾਂਦੀ ਸੀ ਤਾਂ ਉਹ ਬਾਬਾ ਮੋਤੀ ਰਾਮ ਜੀ ਕੋਲ ਰੁਕ ਕੇ ਜਾਂਦੀ ਸੀ। ਭਾਈ ਮੋਤੀ ਰਾਮ ਮਹਿਰਾ ਸਰਹਿੰਦ ਦੇ ਸੂਬੇਦਾਰ ਨਵਾਬ ਵਜ਼ੀਰ ਖਾਂ ਹਿੰਦੂ ਲੰਗਰ ਵਿੱਚ ਲਾਂਗਰੀ ਵਜੋਂ ਨੌਕਰੀ ਕਰਦੇ ਸਨ। ਇਹਨਾਂ ਦੀ ਡਿਊਟੀ ਹਿੰਦੂ ਕੈਦੀਆਂ ਨੂੰ ਲੰਗਰ ਛਕਾਉਣ ਦੀ ਸੀ। ਆਪ ਜੀ ਦੀ ਉਮਰ ਉਸ ਸਮੇਂ ਕੋਈ 27-28 ਸਾਲ ਦੀ ਹੋਵੇਗੀ। ਸਰਹਿੰਦ ਸ਼ਹਿਰ ਦੇ ਹਿੰਦੂ ਅਤੇ ਸਿੱਖ ਪਰਿਵਾਰਾਂ ਨਾਲ ਆਪ ਦਾ ਚੰਗਾ ਸੰਪਰਕ ਸੀ। ਜ਼ੇਲ੍ਹ ਦੇ ਦਰੋਗੇ ਨੇ ਆਪ ਨੂੰ ਕਿਹਾ, "ਭਾਈ ਮੋਤੀ ਰਾਮਾ ! ਠੰਡੇ ਬੁਰਜ ਵਿੱਚ ਤਿੰਨ ਨਵੇਂ ਕੈਦੀ ਆਏ ਹਨ। ਉਹਨਾਂ ਨੂੰ ਭੋਜਨ ਛਕਾ ਦਈ।" ਭਾਈ ਮੋਤੀ ਰਾਮ ਭੋਜਨ ਲੈ ਕੇ ਬੁਰਜ ਦੀਆਂ ਪੌੜੀਆਂ ਚੜ੍ਹ ਗਿਆ। ਉੱਪਰ ਘੁੱਪ ਹਨੇਰਾ ਸੀ। ਦੀਵੇ ਦੀ ਮੱਧਮ ਲੋਅ ਵਿੱਚ ਨਿੱਕੇ-ਨਿੱਕੇ ਬਾਲਾਂ ਤੇ ਮਾਤਾ ਗੁੱਜਰ ਕੌਰ ਦੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ। ਮਾਤਾ ਜੀ ਬੋਲੇ ਤੂੰ ਕੌਣ ਹੈ ? ਭਾਈ ਮੋਤੀ ਰਾਮ ਨੇ ਨਿਮਰਤਾ ਸਹਿਤ ਉੱਤਰ ਦਿੱਤਾ, "ਮਾਤਾ ਜੀਓ ! ਦਾਸ ਨੂੰ 'ਮੋਤੀ' ਕਹਿ ਕੇ ਲੋਕ ਬੁਲਾਉਂਦੇ ਹਨ। ਆਪ ਦਾ ਇਹ ਸੇਵਕ ਨਵਾਬ ਦੀ ਨੌਕਰੀ ਕਰਦਾ ਹੈ। ਆਪ ਲਈ ਭੋਜਨ ਲੈ ਕੇ ਆਇਆ ਹਾਂ, ਪ੍ਰਸ਼ਾਦਾ ਛਕ ਲਵੋ। ਮਾਤਾ ਜੀ ਨੇ ਸ਼ਾਹੀ ਭੋਜਨ ਲੈਣ ਤੋਂ ਇਨਕਾਰ ਕਰ ਦਿੱਤਾ। ਮਾਤਾ ਗੁਜਰੀ ਨੇ ਕਿਹਾ, "ਨਹੀਂ ਮੋਤੀਆ ! ਇਹਨਾਂ ਪਾਪੀਆਂ ਦੇ ਘਰ ਦੀ ਰੋਟੀ ਪ੍ਰਵਾਨ ਨਹੀਂ ਕਰਨੀ। ਇਹਨਾਂ ਜ਼ਾਲਮਾਂ ਦੇ ਘਰ ਦਾ ਅੰਨ ਪਾਣੀ ਨਹੀਂ ਛਕਣਾ, ਲੈ ਜਾ ਭਾਈ ਮੋਤੀ ਰਾਮ ਦੂਜੀ ਵਾਰ ਦੀਵਾਨ ਸੁੱਚਾ ਨੰਦ ਦੇ ਘਰ ਤੋਂ ਲਿਆਂਦਾ ਭੋਜਨ ਵੀ ਲੈ ਕੇ ਗਿਆ। ਮਾਤਾ ਜੀ ਨੇ ਇਹ ਭੋਜਨ 'ਪਾਪ ਦੀ ਕਮਾਈ' ਕਹਿ ਕੇ ਵਾਪਸ ਕਰ ਦਿੱਤਾ। ਮਾਤਾ ਜੀ ਨੇ ਕਿਹਾ, "ਅਸੀਂ ਨਾਮ ਦਾ ਭੋਜਨ, ਬੰਦਗੀ ਦੀ ਖ਼ੁਰਾਕ ਖਾ ਕੇ ਸਮਾਂ ਬਤੀਤ ਕਰ ਲਵਾਂਗੇ।" ਗੁਰੂ ਘਰ ਦਾ ਸਿੱਖ ਭਾਈ ਮੋਤੀ ਰਾਮ ਮਹਿਰਾ ਦੁਖੀ ਮਨ ਨਾਲ ਆਪਣੇ ਘਰ ਪਹੁੰਚਿਆ।

ਸਾਰਾ ਪਰਿਵਾਰ ਮੋਤੀ ਰਾਮ ਨੂੰ ਉਡੀਕ ਰਿਹਾ ਸੀ ਕਿ ਜਦੋਂ ਘਰ ਆਉਣਗੇ ਤਾਂ ਇਕੱਠੇ ਬੈਠ ਕੇ ਰੋਟੀ ਖਾਵਾਂਗੇ ਕਿਉਂਕਿ ਸਾਰੇ ਇਕੱਠੇ ਬੈਠ ਕੇ ਹੀ ਭੋਜਨ ਛਕਦੇ ਸਨ। ਬਾਬਾ ਮੋਤੀ ਰਾਮ ਮਹਿਰਾ ਸਾਰਾ ਕੰਮ-ਕਾਜ ਸਮੇਟ ਕੇ ਘਰ ਜਾ ਕੇ ਬੈਠੇ। ਘਰ ਵਾਲੀ ਤੇ ਮਾਂ ਨੇ ਪ੍ਰਸ਼ਾਦਾ ਤਿਆਰ ਕੀਤਾ। ਰੋਟੀ ਦੀ ਗਰਾਹੀ ਤੋੜੀ ਤੇ ਮੂੰਹ ਕੋਲ ਪਹੁੰਚ ਗਈ ਪਰ ਮੂੰਹ ਦੇ ਅੰਦਰ ਨਾ ਜਾ ਸਕੀ। ਘਰ ਵਾਲੀ ਨੇ ਕਿਹਾ ਕਿ ਅੱਜ ਤੇਰੇ ਅੰਦਰ ਰੋਟੀ ਕਿਉਂ ਨਹੀਂ ਜਾ ਰਹੀ। ਕੁਝ ਦੇਰ ਇੰਤਜ਼ਾਰ ਕਰਨ ਤੋਂ ਬਾਅਦ ਬਾਬਾ ਮੋਤੀ ਰਾਮ ਮਹਿਰਾ ਦੀ ਮਾਂ ਕਹਿਣ ਲੱਗੀ, "ਬੇਟਾ ! ਕੀ ਗੱਲ ਹੈ, ਅੱਜ ਰੋਟੀ ਨਹੀਂ ਖਾ ਰਿਹਾ।" ਤਾਂ ਮੋਤੀ ਰਾਮ ਨੇ ਕਿਹਾ, "ਮਾਤਾ ਗੁਜਰੀ ਤੇ ਛੋਟੇ ਲਾਲ (ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ) ਭੁੱਖੇ ਹਨ, ਮੇਰੇ ਅੰਦਰ ਰੋਟੀ ਕਿਵੇਂ ਜਾਵੇਗੀ। ਮੈਨੂੰ ਪ੍ਰਸ਼ਾਦਾ ਚੰਗਾ ਨਹੀਂ ਲੱਗਦਾ। ਮੈਂ ਰੋਟੀ ਨਹੀਂ ਖਾ ਸਕਦਾ। ਚੁੱਕ ਲਵੋ।

ਓਧਰ ਨਵਾਬ ਵਜ਼ੀਰ ਖਾਂ ਨੇ ਸ਼ਹਿਰ ਵਿੱਚ ਲਾਊਡ ਸਪੀਕਰ ਰਾਹੀਂ ਢੋਲ ਦੇ ਡੱਗੇ ਤੇ ਮਨਾਦੀ (ਡੌਂਡੀ) ਕਰਾਈ ਕਿ ਜੋ ਵੀ ਗੁਰੂ ਜੀ ਦੇ ਮਾਤਾ (ਮਾਤਾ ਗੁੱਜਰ ਕੌਰ) ਤੇ ਬੱਚਿਆਂ (ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ) ਦੀ ਮਦਦ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਬੱਚਿਆਂ ਸਮੇਤ ਕੋਹਲੂ ਵਿੱਚ ਪੀੜ ਦਿੱਤਾ ਜਾਵੇਗਾ। ਇਹ ਸੁਣ ਕੇ ਭਾਈ ਮੋਤੀ ਰਾਮ ਮਹਿਰਾ ਦੀ ਬਿਰਧ ਮਾਤਾ ਕੰਬ ਗਈ। ਉਸ ਨੇ ਆਪਣੇ ਪੁੱਤਰ ਭਾਈ ਮੋਤੀ ਰਾਮ ਨੂੰ ਕਿਹਾ, "ਤੈਨੂੰ ਮੇਰੇ ਅਤੇ ਆਪਣੀ ਬੀਵੀ-ਬੱਚੇ ਤੇ ਤਰਸ ਨਹੀਂ। ਜਵਾਨੀ ਦੇ ਜੋਸ਼ ਵਿੱਚ ਕੀ ਕਰਨ ਜਾ ਰਿਹਾ ਹੈਂ, ਕੁਝ ਸੋਚ ਵਿਚਾਰ ਕਰ।" ਬਿਰਧ ਮਾਤਾ ਤਰਲੇ ਲੈ ਰਹੀ ਸੀ। ਮੋਤੀ ਰਾਮ ਕਹਿਣ ਲੱਗਾ, "ਕਿ ਜੇਕਰ ਮੈਂ ਅੱਜ ਰੁਕ ਗਿਆ ਤਾਂ ਸਰਹਿੰਦ ਦੇ ਸਾਰੇ ਸਿੱਖ ਸ਼ਰਧਾਲੂਆਂ ਦੀ ਸਿੱਖੀ ਡੋਲ ਗਈ ਸਮਝੀ ਜਾਵੇਗੀ ਤੇ ਆਉਣ ਵਾਲੇ ਸਮੇਂ ਨੇ ਸਾਨੂੰ ਮਾਫ਼ ਨਹੀਂ ਕਰਨਾ।

ਭਾਈ ਮੋਤੀ ਰਾਮ ਨੇ ਆਪਣੀ ਧਰਮ ਪਤਨੀ ਨੂੰ ਸਮਝਾਇਆ। ਜੇਕਰ ਉਹ ਮੇਰੇ ਨਾਲ ਸਹਿਮਤ ਹੈ ਤਾਂ ਇੱਕ ਗੱਲ ਕਹਿੰਦਾ ਹਾਂ ਕਿ ਮੈਂ ਗਾਂ ਦਾ ਦੁੱਧ ਅਤੇ ਜਲ ਲੈ ਕੇ ਜਾਵਾਂਗਾ। ਜੇਕਰ ਤੁਸੀਂ ਆਪਣੇ ਗਹਿਣੇ ਮੈਨੂੰ ਦੇ ਦੇਵੋ। ਉਸ ਦੀ ਧਰਮ ਪਤਨੀ ਬੀਬੀ ਭੋਲੀ ਘਰ ਦੇ ਅੰਦਰ ਗਈ। ਉਸ ਨੂੰ ਪਿਤਾ ਨੇ ਜੋ ਗਹਿਣੇ ਵਿਆਹ ਸਮੇਂ ਪਾਏ ਸਨ ਤੇ ਕੁਝ ਸਿੱਕੇ ਜੋ ਉਸ ਕੋਲ ਸਨ ਉਹ ਲਿਆ ਕੇ ਭਾਈ ਮੋਤੀ ਰਾਮ ਜੀ ਨੂੰ ਦਿੱਤੇ ਤੇ ਕਿਹਾ, "ਸੁਆਮੀ ਜੀ ! ਪਹਿਰੇਦਾਰ ਜੋ ਪਹਿਰੇ ਤੇ ਖੜ੍ਹੇ ਹੁੰਦੇ ਹਨ, ਉਹ ਟਕੇ-ਟਕੇ ਤੇ ਵਿਕ ਜਾਂਦੇ ਹਨ। ਉਹਨਾਂ ਨੂੰ ਇਹ ਗਹਿਣੇ ਰਿਸ਼ਵਤ ਦੇ ਦੇਣੀ। ਇੱਕ ਗੜ੍ਹਵਾ ਚੰਗੀ ਤਰ੍ਹਾਂ ਸਾਫ ਕਰਕੇ ਦੁੱਧ ਦਾ ਭਰ ਕੇ ਦਿੱਤਾ ਤੇ ਨਾਲ ਸੁੱਕੇ ਮੇਵੇ ਅਤੇ ਕੋਰੇ ਭਾਂਡੇ ਵਿੱਚ ਜਲ ਲੈ ਕੇ ਭਾਈ ਮੋਤੀ ਰਾਮ ਠੰਡੇ ਬੁਰਜ ਵੱਲ ਚੱਲ ਪਏ। ਭਾਈ ਮੋਤੀ ਰਾਮ ਪਹਿਰੇਦਾਰ ਨੂੰ ਗਹਿਣੇ (ਰਿਸ਼ਵਤ) ਦੇ ਕੇ ਮਾਤਾ ਗੁੱਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਕੋਲ ਠੰਡੇ ਬੁਰਜ ਵਿੱਚ ਪਹੁੰਚ ਗਿਆ ਤੇ ਚਰਨਾਂ ਵਿੱਚ ਨਿਮਰਤਾ ਸਹਿਤ ਬੇਨਤੀ ਕੀਤੀ। ਇਹ ਦੁੱਧ ਇਸ ਗ਼ਰੀਬ ਸੇਵਕ ਦੇ ਘਰ ਦਾ ਹੈ। ਆਪ ਵੀ ਛਕੋ ਤੇ ਸਾਹਿਬਜ਼ਾਦਿਆਂ ਨੂੰ ਵੀ ਦੁੱਧ ਛਕਾਓ। ਧੰਨ ਮਾਤਾ ਗੁੱਜਰ ਕੌਰ ਕਹਿਣ ਲੱਗੀ, "ਮੋਤੀਆ ! ਸਾਨੂੰ ਦੁੱਧ ਤਾਂ ਛਕਾ ਰਿਹਾ ਹੈਂ। ਜੇਕਰ ਸੂਬੇ ਨੂੰ ਪਤਾ ਲੱਗ ਗਿਆ ਤਾਂ ਤੈਨੂੰ ਪਤਾ ਹੈ ਕਿ ਤੇਰੇ ਪਰਿਵਾਰ ਨਾਲ ਕੀ ਹੋਵੇਗਾ।" ਬਾਬਾ ਮੋਤੀ ਰਾਮ ਮਹਿਰਾ, ਮਾਤਾ ਗੁੱਜਰ ਕੌਰ ਜੀ ਨੂੰ ਕਹਿਣ ਲੱਗਾ, "ਤੁਸੀਂ ਦੁੱਧ ਛਕ ਕੇ ਮੇਰੇ ਸਿਰ ਤੇ ਹੱਥ ਰੱਖ ਦਿਓ। ਮਾਤਾ ਜੀ ਨੇ ਪ੍ਰਸੰਨਚਿੱਤ ਹੋ ਕੇ ਭਾਈ ਮੋਤੀ ਰਾਮ ਨੂੰ ਅਸ਼ੀਰਵਾਦ ਦਿੱਤਾ। ਭਾਈ ਮੋਤੀ ਰਾਮ ਦੇ ਮਨ ਨੂੰ ਸ਼ਾਂਤੀ ਮਿਲੀ। ਘਰ ਪੁੱਜ ਕੇ ਆਪਣੀ ਬਿਰਧ ਮਾਤਾ ਅਤੇ ਪਤਨੀ ਨੂੰ ਸਾਰੀ ਗੱਲ ਦੱਸੀ। ਭਾਈ ਮੋਤੀ ਰਾਮ ਤਿੰਨ ਦਿਨ (10, 11 ਤੇ 12 ਪੋਹ) ਰਾਤ ਵੇਲੇ ਦੁੱਧ, ਮੇਵੇ ਅਤੇ ਜਲ ਦੀ ਸੇਵਾ ਮਾਤਾ ਗੁੱਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਦੀ ਕਰਦੇ ਰਹੇ।

ਦੋਵਾਂ ਸਾਹਿਬਜ਼ਾਦਿਆਂ ਦੀਆਂ ਤਿੰਨ ਪੇਸ਼ੀਆਂ ਹੋਈਆਂ। ਕਈ ਤਰ੍ਹਾਂ ਦੇ ਡਰ, ਲਾਲਚ ਦਿੱਤੇ ਗਏ। ਦਬਾਅ ਵੀ ਪਾਇਆ ਗਿਆ ਕਿ ਮੁਸਲਮਾਨ ਧਰਮ ਕਬੂਲ ਕਰ ਲੈਣ। ਦਰਬਾਰ ਵਿੱਚ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ। ਉਸ ਨੇ ਆਹ ਦਾ ਨਾਅਰਾ ਮਾਰਿਆ। ਮੈਂ ਆਪਣੇ ਭਰਾ ਦੀ ਮੌਤ ਦਾ ਬਦਲਾ ਗੁਰੂ ਗੋਬਿੰਦ ਸਿੰਘ ਜੀ ਤੋਂ ਜ਼ਰੂਰ ਲੈਣਾ ਹੈ। ਪਰ ਇਹਨਾਂ ਮਾਸੂਮ ਬਾਲਕਾਂ ਨੇ ਮੇਰਾ ਕੁਝ ਨਹੀਂ ਵਿਗਾੜਿਆ। ਜਦੋਂ ਕੋਈ ਵੀ ਹੀਲਾ ਨਾ ਚੱਲਿਆ ਤਾਂ ਕਾਜ਼ੀ ਨੇ ਫਤਵਾ ਸੁਣਾ ਦਿੱਤਾ ਕਿ ਇਹਨਾਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਜਾਵੇ। ਨਵਾਬ ਵਜ਼ੀਰ ਖਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ।

ਭਾਈ ਮੋਤੀ ਰਾਮ ਮਹਿਰਾ ਨੇ ਸੇਠ ਦੀਵਾਨ ਟੋਡਰ ਮੱਲ ਨੂੰ ਇਹਨਾਂ ਮ੍ਰਿਤਕ ਸਰੀਰਾਂ ਦਾ ਸਸਕਾਰ ਕਰਨ ਦਾ ਪ੍ਰਬੰਧ ਕਰਨ ਦੀ ਬੇਨਤੀ ਕੀਤੀ। ਬਾਬਾ ਮੋਤੀ ਰਾਮ ਜੀ ਨੇ ਜੰਗਲਾਂ ਵਿੱਚ ਜਾ ਕੇ ਚੌਧਰੀ ਅੱਤਾ ਖਾਂ ਤੋਂ ਚੰਦਨ ਦੀਆਂ ਲੱਕੜਾਂ ਦੇ ਗੱਡੇ ਦਾ ਪ੍ਰਬੰਧ ਕੀਤਾ। ਸਿੱਖ ਮਰਯਾਦਾ ਅਨੁਸਾਰ ਮਾਤਾ ਗੁੱਜਰ ਕੌਰ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦੇ ਮ੍ਰਿਤਕ ਸਰੀਰਾਂ ਦਾ ਸਸਕਾਰ ਕੀਤਾ ਗਿਆ। ਅੱਜ ਉਸ ਸਥਾਨ ਤੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਸ਼ਸ਼ੋਭਿਤ ਹੈ।

ਕੁਝ ਸਮਾਂ ਬੀਤਣ ਤੋਂ ਬਾਅਦ ਨਵਾਬ ਵਜ਼ੀਰ ਖਾਂ ਕੋਲ ਪੰਮੇ ਲੰਗੇ ਨੇ ਆ ਕੇ ਚੁਗਲੀ ਕੀਤੀ ਕਿ ਬਾਬਾ ਮੋਤੀ ਰਾਮ ਮਹਿਰਾ ਨੇ ਮਾਤਾ ਗੁੱਜਰ ਕੌਰ ਤੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਨੂੰ ਦੁੱਧ, ਮੇਵੇ ਤੇ ਜਲ ਛਕਾਇਆ ਹੈ। ਉਹਨਾਂ ਦੇ ਸਸਕਾਰ ਲਈ ਲੱਕੜਾਂ ਦਾ ਪ੍ਰਬੰਧ ਵੀ ਇਸ ਦੁਆਰਾ ਹੀ ਕੀਤਾ ਗਿਆ ਸੀ। ਨਵਾਬ ਵਜ਼ੀਰ ਖਾਂ ਨੇ ਬਾਬਾ ਮੋਤੀ ਰਾਮ ਮਹਿਰਾ, ਉਸ ਦੀ ਮਾਤਾ ਲੱਧੋ, ਪਤਨੀ ਭੋਲੀ ਅਤੇ ਇੱਕ ਛੋਟੇ ਜਿਹੇ ਪੁੱਤਰ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ। ਨਵਾਬ ਵਜ਼ੀਰ ਖਾਂ ਦੇ ਦਰਬਾਰ ਵਿੱਚ ਮੋਤੀ ਰਾਮ ਮਹਿਰਾ ਨੂੰ ਪੇਸ਼ ਕੀਤਾ ਗਿਆ। ਨਵਾਬ ਨੇ ਮੋਤੀ ਰਾਮ ਤੋਂ ਉਹਨਾਂ ਉੱਤੇ ਲੱਗੇ ਇਲਜ਼ਾਮਾਂ ਪ੍ਰਤੀ ਸਫ਼ਾਈ ਮੰਗੀ। ਬਾਬਾ ਮੋਤੀ ਰਾਮ ਮਹਿਰਾ ਨੇ ਆਪਣੇ ਕੀਤੇ ਨੂੰ ਛਪਾਉਣ ਦਾ ਯਤਨ ਨਹੀਂ ਕੀਤਾ ਸਗੋਂ ਦਲੇਰੀ, ਹਿੰਮਤ ਨਾਲ ਨਵਾਬ ਨੂੰ ਕਿਹਾ, "ਕਿ ਕੈਦੀ ਬੱਚਿਆਂ ਅਤੇ ਉਹਨਾਂ ਦੀ ਦਾਦੀ ਦੀ ਸੇਵਾ ਕਰਨਾ, ਉਸ ਦੀ ਪਵਿੱਤਰ ਡਿਊਟੀ ਹੈ। ਮੈਂ ਦੁੱਧ ਅਤੇ ਜਲ ਦੀ ਸੇਵਾ ਕਰਕੇ ਆਪਣਾ ਧਰਮ ਨਿਭਾਇਆ ਹੈ, ਕੋਈ ਗਦਾਰੀ ਨਹੀਂ ਕੀਤੀ। ਚੰਦਨ ਦੀਆਂ ਲੱਕੜਾਂ ਦਾ ਪ੍ਰਬੰਧ ਕਰਨਾ ਵੀ ਮੇਰਾ ਫ਼ਰਜ਼ ਸੀ ਤਾਂ ਕਿ ਉਹਨਾਂ ਤਿੰਨ ਪਵਿੱਤਰ ਸਰੀਰਾਂ ਦਾ ਧਾਰਮਿਕ ਮਰਯਾਦਾ ਅਨੁਸਾਰ ਸਸਕਾਰ ਹੋ ਸਕੇ।

ਬਾਬਾ ਮੋਤੀ ਰਾਮ ਮਹਿਰਾ, ਉਸ ਦੀ ਪਤਨੀ ਭੋਲੀ, ਬਜ਼ੁਰਗ ਮਾਤਾ ਤੇ ਪੁੱਤਰ ਜੀਤੂ ਨੂੰ ਮੂੰਹ ਹਨੇਰੇ ਸੁੱਤੇ ਪਰਿਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ਬਾਬਾ ਮੋਤੀ ਰਾਮ ਨੂੰ ਪਰਿਵਾਰ ਸਮੇਤ ਦੀਨ ਕਬੂਲ ਕਰਨ ਲਈ ਕਿਹਾ ਜਾਂ ਫਿਰ ਕੋਹਲੂ ਵਿੱਚ ਪਿੜ ਜਾਣ ਲਈ ਤਿਆਰ ਹੋ ਜਾਉ। ਬਾਬਾ ਮੋਤੀ ਰਾਮ ਨੇ ਸੂਬੇਦਾਰ ਨੂੰ ਸੰਬੋਧਨ ਹੋ ਕੇ ਆਖਿਆ ਕਿ ਮੈਨੂੰ ਤੇਰੇ ਤੋਂ ਕਿਸੇ ਇਨਸਾਫ਼ ਦੀ ਆਸ ਨਹੀਂ। ਤੂੰ ਜੋ ਚਾਹੇਂ ਕਰ ਸਕਦਾ ਹੈਂ ਕਰ ਪਰ ਮੈਨੂੰ ਮੇਰੇ ਧਰਮ ਤੋਂ ਕਦੇ ਡੁਲਾ ਨਹੀਂ ਸਕਦਾ। ਬਾਬਾ ਮੋਤੀ ਰਾਮ ਦੇ ਪੁੱਤਰ ਜੀਤੂ ਨੂੰ ਖ਼ੂਨੀ ਕੋਹਲੂ ਵੱਲ ਸਿਪਾਹੀ ਲੈ ਕੇ ਜਾ ਰਹੇ ਸਨ। ਬਾਬਾ ਮੋਤੀ ਰਾਮ ਦੀ ਬਜ਼ੁਰਗ ਮਾਤਾ ਆਪਣੇ ਲਾਡਲੇ ਪੋਤੇ ਨੂੰ ਖ਼ੂਨੀ ਕੋਹਲੂ ਵੱਲ ਜਾਂਦੇ ਦੇਖ ਕੇ ਸੂਬੇਦਾਰ ਵਜ਼ੀਰ ਖਾਂ ਨੂੰ ਕਿਹਾ, "ਵੇ ਜ਼ਾਲਮਾਂ ! ਪਹਿਲਾਂ ਮੈਨੂੰ ਕਤਲ ਕਰ ਲੈ।" ਬਾਬਾ ਮੋਤੀ ਰਾਮ ਮਹਿਰਾ ਦੀ ਧਰਮ ਪਤਨੀ ਬੀਬੀ ਭੋਲੀ ਨੇ ਉੱਚੀ-ਉੱਚੀ ਚੀਕ ਕੇ ਕਿਹਾ, "ਵੇ ਸੂਬਿਆ ! ਆਪਣੇ ਜ਼ੁਲਮ ਦੀ ਇੰਤਹਾ ਦੇ ਕੋਹਲੂ ਵਿੱਚ ਮੈਨੂੰ ਨਪੀੜ ਲੈ।" ਬਾਬਾ ਮੋਤੀ ਰਾਮ ਦੀਆਂ ਅੱਖਾਂ ਦੇ ਸਾਹਮਣੇ ਵਾਰੀ-ਵਾਰੀ ਪੁੱਤਰ, ਬਜ਼ੁਰਗ ਮਾਤਾ ਤੇ ਪਤਨੀ ਸਭ ਨੂੰ ਤਿਲਾਂ ਵਾਂਗ ਕੋਹਲੂ ਵਿੱਚ ਨਪੀੜ ਦਿੱਤਾ ਗਿਆ। ਅਖ਼ੀਰ ਵਿੱਚ ਸੂਬੇਦਾਰ ਦੇ ਸਿਪਾਹੀਆਂ ਨੇ ਬਾਬਾ ਮੋਤੀ ਰਾਮ ਜੋ ਸਤਿਨਾਮ-ਵਾਹਿਗੁਰੂ ਦਾ ਜਾਪ ਕਰ ਰਹੇ ਸਨ। ਉਹਨਾਂ ਨੂੰ ਵੀ ਤਿਲਾਂ ਵਾਂਗ ਕੋਹਲੂ ਵਿੱਚ ਨਪੀੜ ਦਿੱਤਾ। ਸਰਹਿੰਦ ਦੀ ਕਚਹਿਰੀ ਵਿੱਚ ਜੁੜੀ ਖਲਕਤ ਇਸ ਜ਼ੁਲਮ ਨੂੰ ਵੇਖ ਕੇ ਤ੍ਰਾਹ-ਤ੍ਰਾਹ ਕਰ ਰਹੀ ਸੀ। ਸਹਿਬਜ਼ਾਦਿਆਂ ਦੀ ਸ਼ਹਾਦਤ ਵਾਲੇ ਯਾਦਗਾਰੀ ਦਿਹਾੜੇ ਵਾਂਗ ਅਮਰ ਸ਼ਹੀਦ ਬਾਬਾ ਮੋਤੀ ਰਾਮ ਦੀ ਸ਼ਹਾਦਤ ਵਾਲੇ ਦਿਨ ਵੀ ਸਰਹਿੰਦ ਦੇ ਹਿੰਦੂ-ਸਿੱਖ ਘਰਾਂ ਵਿੱਚ ਚੁੱਲ੍ਹਾ ਨਹੀਂ ਸੀ ਬਲਿਆ।

ਬਾਬਾ ਮੋਤੀ ਰਾਮ ਜੀ ਨੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਤੇ ਮਾਤਾ ਗੁੱਜਰ ਕੌਰ ਨੂੰ ਜਿਨ੍ਹਾਂ ਗਲਾਸਾਂ ਵਿੱਚ ਦੁੱਧ ਤੇ ਜਲ ਛਕਾਇਆ ਸੀ। ਉਹ ਗਲਾਸ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸੰਗਤਾਂ ਦੇ ਦਰਸ਼ਨਾਂ ਲਈ ਰੱਖੇ ਹੋਏ ਹਨ। ਜਿਨ੍ਹਾਂ ਦੇ ਲੱਖਾਂ ਹੀ ਸੰਗਤਾਂ ਦਰਸ਼ਨ ਕਰਦੀਆਂ ਹਨ। ਬਾਬਾ ਮੋਤੀ ਰਾਮ ਜੀ ਨੇ ਜੋ ਸੇਵਾ ਕਮਾਈ, ਉਹ ਰਹਿੰਦੀ ਦੁਨੀਆਂ ਤੱਕ ਯਾਦ ਰਹੇਗੀ।

ਬਾਬਾ ਮੋਤੀ ਰਾਮ ਮਹਿਰਾ ਟ੍ਰਸਟ ਵੱਲੋਂ ਗੁਰਦੁਆਰਾ ਯਾਦਗਾਰ ਬਾਬਾ ਮੋਤੀ ਰਾਮ ਮਹਿਰਾ ਫਤਿਹਗੜ੍ਹ ਸਾਹਿਬ ਵਿਖੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦਾ ਜਨਮ ਦਿਹਾੜਾ 9 ਫ਼ਰਵਰੀ ਨੂੰ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। 7 ਫ਼ਰਵਰੀ ਨੂੰ ਅਖੰਡ-ਪਾਠ ਸਾਹਿਬ ਆਰੰਭ ਹੋਵੇਗਾ ਜਿਸ ਦੀ ਸਮਾਪਤੀ 9 ਫ਼ਰਵਰੀ ਨੂੰ ਸਵੇਰੇ 10 ਵਜੇ ਹੋਵੇਗੀ ਉਪਰੰਤ ਕੀਰਤਨ ਅਤੇ ਗੁਰਮਤਿ ਵਿਚਾਰਾਂ ਹੋਣਗੀਆਂ ਜਿਸ ਵਿੱਚ ਭਾਈ ਅਵਤਾਰ ਸਿੰਘ ਆਲਮਗੀਰ, ਭਾਈ ਮਹਿੰਦਰ ਸਿੰਘ ਜੋਸ਼ੀਲਾ ਖੰਨਾ, ਭਾਈ ਹਰਵਿੰਦਰ ਸਿੰਘ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਨਗੇ ਅਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਦੀਰਘ ਵਿਚਾਰਾਂ ਤੇ ਗੋਸ਼ਟੀ ਕਰਨਗੇ । ਇਸੇ ਦਿਹਾੜੇ ਸਵੇਰੇ 9 ਵਜੇ ਅੰਮ੍ਰਿਤ ਸੰਚਾਰ ਹੋਵੇਗਾ । ਅੰਮ੍ਰਿਤ ਛਕਣ ਵਾਲੇ ਅਭਿਲਾਖੀ ਕੇਸੀ ਇਸ਼ਨਾਨ ਕਰਕੇ ਆਉਣ । ਕਕਾਰ ਗੁਰਦੁਆਰਾ ਸਾਹਿਬ ਵਿਖੇ ਹੀ ਦਿੱਤੇ ਜਾਣਗੇ । ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**
#1138/63-ਏ, ਗੁਰੂ ਤੇਗ਼ ਬਹਾਦਰ ਨਗਰ,
ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।

# ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵਲੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਐਕਟ 'ਚ ਕੀਤੀ ਗਈ ਸੋਧ ਦਾ ਸਖ਼ਤ ਵਿਰੋਧ

## ਮਹਾਰਾਸ਼ਟਰ ਸਰਕਾਰ ਸੋਧ ਨੂੰ ਤੁਰੰਤ ਵਾਪਸ ਲਵੇ :ਸੁਖਦੇਵ ਸਿੰਘ ਢੀਂਡਸਾ



**ਚੰਡੀਗੜ੍ਹ, 7 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਐਕਟ 1956 ਵਿਚ ਮਹਾਰਾਸ਼ਟਰ ਸਰਕਾਰ ਵਲੋਂ ਕੀਤੀ ਗਈ ਸੋਧ ਦਾ ਸਖ਼ਤ ਸ਼ਬਦਾਂ ਵਿਚ ਵਿਰੋਧ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਸ .ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅਜਿਹਾ ਕਰਕੇ ਮਹਾਰਾਸ਼ਟਰ ਸਰਕਾਰ ਨੇ ਸਿੱਧੇ ਤੌਰ ਤੇ ਸਿੱਖ ਮਾਮਲਿਆਂ ਵਿਚ ਦਖਲਅੰਦਾਜ਼ੀ ਕੀਤੀ ਹੈ। ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਸੋਧ ਕਰਨ ਤੋਂ ਪਹਿਲਾਂ ਸਿੱਖ ਕੌਮ ਦੀ ਮਿੰਨੀ ਪਾਰਲੀਮੈਂਟ ਕਹੇ ਜਾਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਵਿਦਵਾਨਾਂ ਨਾਲ ਸਲਾਹ -ਮਸ਼ਵਰਾ ਜਰੂਰ ਕਰਨਾ ਚਾਹੀਦਾ ਸੀ। ਸ .ਸੁਖਦੇਵ ਸਿੰਘ ਢੀਂਡਸਾ ਨੇ ਮਹਾਰਾਸ਼ਟਰ ਦੀ ਸ਼ਿੰਦੇ ਸਰਕਾਰ ਨੂੰ ਸੋਧ ਨੂੰ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸੋਧ ਨਾਲ ਗੁਰਦੁਆਰਾ ਬੋਰਡ ਤੇ ਮਹਾਰਾਸ਼ਟਰ ਸਰਕਾਰ ਦਾ ਪੂਰਾ ਕਬਜਾ ਹੋ ਜਾਵੇਗਾ। ਜਿਸ ਦਾ ਸਿੱਖਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਬੋਰਡ ਦੇ ਕੁੱਲ 17 ਮੈਂਬਰਾਂ ਵਿਚੋਂ 12 ਨੂੰ ਸਿੱਧੇ ਤੌਰ 'ਤੇ ਨਾਮਜ਼ਦ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵਲੋਂ ਭੇਜੇ ਗਏ ਮੈਂਬਰਾਂ ਦੀ ਗਿਣਤੀ ਵੀ 4 ਤੋਂ ਘਟਾ ਕੇ 2 ਕਰ ਦਿੱਤੀ ਗਈ ਹੈ। ਚੀਫ਼ ਖ਼ਾਲਸਾ ਦੀਵਾਨ, ਹਜ਼ੂਰੀ ਸੱਚਖੰਡ ਦੀਵਾਨ ਦੀ ਨਾਮਜ਼ਦਗੀ ਖ਼ਤਮ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਬੋਰਡ ਦੇ ਮੈਂਬਰ ਰਹੇ ਦੋ ਸਿੱਖ ਸੰਸਦ ਮੈਂਬਰਾਂ ਨੂੰ ਵੀ ਨਵੀਂ ਸੋਧ ਵਿਚ ਇਸ ਅਧਿਕਾਰ ਤੋਂ ਵਾਂਝਿਆਂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਸੂਬਾ ਸਰਕਾਰ ਸਿੱਖ ਸੰਸਥਾਵਾਂ ਦੀ ਪ੍ਰਬੰਧ ਵਿਵਸਥਾ ਵਿਚ ਸਿੱਧੇ ਤੌਰ ਤੇ ਦਖਲ ਦੇਣਾ ਚਾਹੁੰਦੀ ਹੈ।

## ਐਨ,ਓ,ਸੀ ਦੀ ਸਰਤ ਨੂੰ ਖਤਮ ਕਰਕੇ ਮਾਨ ਸਰਕਾਰ ਨੇ ਲੋਕਾਂ ਦਾ ਦਿਲ ਜਿੱਤਿਆ ਆਪ ਆਗੂ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਹਮੇਸ਼ਾ ਹੀ ਲੋਕਾਂ ਦੇ ਹਿੱਤ ਵਿੱਚ ਹੁਣ ਤੱਕ ਸਭ ਤੋਂ ਵੱਧ ਫੈਸਲੇ ਲੈਣ ਵਾਲੇ ਪਹਿਲੇ ਮੁੱਖ ਮੰਤਰੀ ਬਣੇ ਹਨ। ਜਿਨਾਂ ਨੇ ਥੋੜੇ ਸਮੇਂ ਵਿੱਚ ਹੀ ਪੰਜਾਬ ਦੇ ਲੋਕਾਂ ਦੇ ਹਿੱਤ ਵਿੱਚ ਵੱਡੇ ਫੈਸਲੇ ਲੈ ਕੇ ਲੋਕਾਂ ਦਾ ਦਿਲ ਜਿੱਤਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਤੀਰਥ ਸਿੰਘ ਗਿੱਲ ਭੱਦਲਵੜ, ਬਲਾਕ ਪ੍ਰਧਾਨ ਜਸਪਾਲ ਸਿੰਘ ਪਾਲਾ, ਆਪ ਆਗੂ ਭੁਲਿੰਦਰ ਸਿੰਘ ਕਲੇਰਾਂ, ਆਪ ਆਗੂ ਰਣਜੀਤ ਸਿੰਘ ਧੰਦੀਵਾਲ, ਆਪ ਆਗੂ ਜਸਬੀਰ ਸਿੰਘ ਜੱਜ ਇੰਨਚਾਰਜ ਵਾਰਡ ਨੰ 12 ਨੇ ਕੀਤਾ। ਉਹਨਾਂ ਕਿਹਾ ਕਿ ਰਜਿਸਟਰੀਆਂ ਕਰਵਾਉਣ ਲਈ ਨਗਰ ਕੌਂਸਲ ਤੋਂ ਐੱਨ. ਓ. ਸੀ. ਲਾਜ਼ਮੀ ਲੈਣ ਦੀ ਹਦਾਇਤ ਤੋਂ ਬਾਅਦ ਲੋਕਾਂ ਵੱਡੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ। ਪਿਛਲੇ ਦਿਨੀਂ ਵੀ ਇੱਕ ਮਹੀਨੇ ਤੋਂ ਪੰਜਾਬ ਸਰਕਾਰ ਦੀ ਵੈਬ ਸਾਈਟ ਨਾ ਚੱਲਣ ਕਾਰਨ ਐੱਨ. ਓ. ਸੀ. ਲੈਣ ਵਾਲੇ ਸੈਂਕੜੇ ਲੋਕਾਂ ਨੂੰ ਦਫਤਰਾਂ ਦੇ ਧੱਕੇ ਖਾਣ ਲਈ ਮਜਬੂਰ ਹੋਣਾ ਪੈਂਦਾ ਸੀ ਇਸ ਫੈਸਲੇ ਦੇ ਨਾਲ ਆਮ ਲੋਕਾਂ ਰਜਿਸਟਰੀ ਕਰਾਉਣ ਵਿੱਚ ਕਾਫੀ ਰਾਹਤ ਮਿਲੇਗੀ। ਮਾਨ ਸਰਕਾਰ ਦੇ ਲੋਕ ਹਿੱਤ ਫੈਸਲਿਆਂ ਦੀ ਲੋਕ ਹਰ ਪਾਸੇ ਸਲਾਂਘਾ ਹੋ ਰਹੀ ਹੈ।

## ਸਿਹਤ ਵਿਭਾਗ ਵੱਲੋਂ ਵੱਖ ਵੱਖ ਪਿੰਡਾਂ 'ਚ ਪਾਣੀ ਦੇ ਸੈਂਪਲ ਭਰੇ ਗਏ



ਧੂਰੀ ( ਰਣਜੀਤ ਸਿੰਘ ਪੇਧਨੀ ) ਸਿਵਲ ਸਰਜਨ ਡਾਕਟਰ ਕਿਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ ਅਤੇ ਐਸ ਐਮ ਓ ਡਾਕਟਰ ਮਹੁੰਮਦ ਆਖਤਰ ਜੀ ਦੀ ਯੋਗ ਅਗਵਾਈ ਵਿੱਚ ਅਤੇ ਅਸ਼ੋਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਅਧੀਨ ਆਉਂਦੇ ਪਿੰਡਾਂ ਕਿਲਾਂ ਹਕੀਮਾਂ,ਕੁੰਭੜਵਾਲ,ਧੰਦੀਵਾਲ ਅਤੇ ਬਾਲੀਆਂ,ਬਟੂਹਾ ਅਤੇ ਕਾਂਝਲਾ,ਨੱਤ ਅਤੇ ਲੱਡਾਂ,ਪੁੰਨਾਵਾਲ,ਲੱਡਾਂ ਕੋਠੀ ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ,ਸਰਕਾਰੀ ਮਿਡਲ ਸਕੂਲ,ਸਰਕਾਰੀ ਹਾਈ ਸਕੂਲ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਆਂਗਨਵਾੜੀ ਸੈਂਟਰਾਂ ਦੇ ਪੀਣ ਵਾਲੇ ਪਾਣੀ ਦੇ ਨਮੂਨੇ ਲਏ ਗਏ ਤਾਂ ਜੋ ਬੱਚਿਆਂ ਨੂੰ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਟੀਮ ਮੈਂਬਰ ਗੁਰਵਿੰਦਰ ਸਿੰਘ,ਹਰਜੀਤ ਸਿੰਘ,ਦਿਲਰਾਜ ਸਿੰਘ,ਗੁਰਪ੍ਰੀਤ ਸਿੰਘ,ਜਸਵਿੰਦਰ ਸਿੰਘ,ਅਮਰੀਕ ਸਿੰਘ ਮ,ਪ ਹ,ਵ (ਮ) ਹਾਜ਼ਰ ਸਨ। ਟੀਮ ਦੀ ਸੁਪਰਵੀਜਨ ਅਸ਼ੋਕ ਕੁਮਾਰ ਐਸ ਆਈ ਨੇ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਇੱਕ ਨਜ਼ਰ




## ਵਿਸਵ ਕੈਂਸਰ ਜਾਗਰੂਕਤਾ ਮੁਹਿੰਮ ਸੰਬਧੀ ਸਰਕਾਰੀ ਹਾਈ ਸਕੂਲ ਵਿਖੇ ਕਰਵਾਇਆ ਗਿਆ ਪੱਧਰੀ ਸਮਾਗਮ

ਚੌਕ ਮਹਿਤਾ, 7 ਫ਼ਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )-ਸਿਹਤ ਵਿਭਾਗ ਵਲੋਂ ਵਿਸ਼ਵ ਕੈਂਸਰ ਮੁਹਿੰਮ ਸੰਬਧੀ ਸਰਕਾਰੀ ਹਾਈ ਸਕੂਲ ਲਛਮਣਸਰ ਚੌਂਕ ਵਿਖੇ ਇੱਕ ਜਿਲ੍ਹਾ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਣ ਸਿਵਲ ਸਰਜਨ ਡਾ ਵਿਜੇ ਕੁਮਾਰ ਜੀ ਨੇ ਕਿਹਾ ਕੈਂਸਰ ਦੀ ਜਲਦ ਪਹਿਚਾਣ ਹੀ ਉਸਦੇ ਇਲਾਜ ਵਿਚ ਮਦਦਗਾਰ ਸਾਬਿਤ ਹੁੰਦੀ ਹੈ, ਇਸ ਲਈ ਵਿਸਵ ਸਿਹਤ ਸੰਸਥਾ ਵਲੋਂ ਇਸ ਸਾਲ ਦਾ ਥੀਮ "ਕਲੋਜ ਦਾ ਕੇਅਰ ਗੈਪ" ਰਖਿਆ ਗਿਆ ਹੈ।ਉਹਨਾਂ ਆਖਿਆ ਕਿ ਇਸ ਮੁਹਿੰਮ ਦੌਰਾਣ ਜਿਲ੍ਹੇ ਭਰ ਵਿੱਚ ਵੱਖ-ਵੱਖ ਸਕੂਲਾਂ, ਕਾਲਜਾਂ, ਵਿਦਿਅਕ ਸੰਸਥਾਵਾਂ ਅਤੇ ਜਨਤਕ ਸੰਸਥਾਵਾਂ ਤੇ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਵਿਸ਼ੇਸ਼ ਕੰਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਵਸਰ ਤੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਨੇ ਕਿਹਾ ਕਿ ਕੈਂਸਰ ਦੇ ਆਮ ਲੱਛਣ ਛਾਤੀ ਵਿੱਚ ਗਿਲਟੀਆਂ, ਲਗਾਤਾਰ ਖਾਂਸੀ, ਮਹਾਂਵਾਰੀ ਵਿੱਚ ਜਿਆਦਾ ਖੂਨ ਆਉਣਾਂ, ਨਾਂ ਠਕਿ ਹੋਣ ਵਾਲੇ ਮੂੰਹ ਦੇ ਛਾਲੇ ਆਦਿ ਹਨ। ਇਸ ਲਈ ਸਾਨੂੰ ਸਮੇਂ-ਸਮੇਂ ਤੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਜੇਕਰ ਕੋਈ ਲੱਛਣ ਸਾਹਮਣੇ ਆਵੇ ਤਾਂ ਤੁਰੰਤ ਡਾਕਟਰੀ ਸਹਾਇਤਾ ਲੇਣੀ ਚਾਹੀਦੀ ਹੈ।ਡਾ ਸੁਨੀਤ ਗੁਰਮ ਗੁਪਤਾ ਵਲੋਂ ਕੈਸਰ ਦੇ ਲੱਛਣ, ਸਾਵਧਾਨੀਆਂ, ਬਚਾਓ ਅਤੇ ਇਲਾਜ ਸੰਬਧੀ ਵਿਸ਼ੇਸ਼ ਜਾਣਕਾਰੀ ਦਿੱਤੀ। ਇਸ ਮੌਕੇ ਜਿਲ੍ਹਾ ਸਿਹਤ ਅਫਸਰ ਡਾ ਜਸਪਾਲ ਸਿੰਘ ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡਾ ਪੰਕਜ ਭੱਟੀ, ਸਕੂਲ ਦੇ ਹੈਡ ਮਾਸਟਰ ਸ੍ਰੀ ਵਰਿੰਦਰਬੀਰ ਕੌਰ, ਰਾਜੇਸ਼ ਕੁਮਾਰ, ਰਾਜਬੀਰ ਕੌਰ, ਬਲਬੀਰ ਸਿੰਘ, ਅਮਰਜੀਤ ਕੌਰ,ਕਮਲਦੀਪ ਭੱਲਾ ਅਤੇ ਸਮੂਹ ਸਟਾਫ ਹਾਜਰ ਸਨ।

## ਏ ਡੀ ਸੀ ਪੀ ਟ੍ਰੈਫਿਕ ਵੱਲੋਂ ਆਟੋ ਰਿਕਸ਼ਾ ਯੂਨੀਅਨ ਦੇ ਪ੍ਰਧਾਨਾਂ ਨਾਲ ਕੀਤੀ ਮੀਟਿੰਗ



ਚੌਕ ਮਹਿਤਾ, 7 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਮਾਨਯੋਗ ਕਮਿਸ਼ਨਰ ਪੁਲਿਸ ਸ੍ਰ: ਗੁਰਪ੍ਰੀਤ ਸਿੰਘ, ਭੁਲਰ, ਆਈ.ਪੀ.ਐਸ. ਜੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਸ੍ਰੀ ਹਰਪਾਲ ਸਿੰਘ, ਪੀ.ਪੀ.ਐਸ. ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਸਪੈਸ਼ਲ -ਕਮ- ਟਰੈਫਿਕ, ਵੱਲੋ ਆਟੋ ਰਿਕਸ਼ਾ ਯੂਨੀਅਨਾ ਦੇ ਪ੍ਰਧਾਨਾ ਅਤੇ ਸਲਾਹਕਾਰਾ ਨਾਲ ਸ਼ਹਿਰ ਵਿੱਚ ਟਰੈਫਿਕ ਦੇ ਸੁਧਾਰ ਲਈ ਆ ਰਹੀਆ ਸਮੱਸਿਆਵਾ ਦਾ ਹੱਲ ਕਰਨ ਲਈ ਟਰੈਫਿਕ ਪੁਲਿਸ ਲਾਈਨ, ਅੰਮ੍ਰਿਤਸਰ ਵਿਖੇ ਮੀਟਿੰਗ ਕੀਤੀ ਗਈ ਇਸ ਮੌਕੇ ਟਰੈਫਿਕ ਜੋਨ ਇੰਚਾਰਜ ਇੰਸ.ਪ੍ਰਵੀਨ ਕੁਮਾਰੀ, ਐਸ.ਆਈ ਮੰਗਲ ਸਿੰਘ ਅਤੇ ਐਸ.ਆਈ ਦਲਜੀਤ ਸਿੰਘ, ਇੰਚਾਰਜ ਟਰੈਫਿਕ ਐਜੂਕੇਸ਼ਨ ਸੈਲ ਵੀ ਮੀਟਿੰਗ ਵਿੱਚ ਮੌਜੂਦ ਸਨ।ਮੀਟਿੰਗ ਵਿੱਚ ਆਟੋ ਯੂਨੀਅਨ ਦੇ ਪ੍ਰਧਾਨ ਨੂੰ ਟਰੈਫਿਕ ਦੇ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਹਦਾਇਤਾਂ ਕੀਤੀਆਂ ਗਈਆਂ ਕਿ ਆਟੋ ਰਿਕਸ਼ਾਂ/ਈ-ਰਿਕਸ਼ਾ ਸੜ੍ਹਕ ਦੀ ਖੱਬੀ ਸਾਈਡ ਚਲਾਏ ਜਾਣ, ਆਪਣੇ ਤੋ ਅੱਗੇ ਚੱਲ ਰਹੇ ਆਟੋ ਨੂੰ ਓਵਰ ਟੇਕ ਨਾ ਕੀਤਾ ਜਾਵੇ, ਜਿਸ ਨਾਲ ਅੱਗੇ ਤੋ ਆ ਰਹੀ ਟਰੈਫਿਕ ਪ੍ਰਭਾਵਿਤ ਹੋ ਕੇ ਜਾਮ ਨਾ ਲੱਗੇ, ਆਟੋ ਰਿਕਸ਼ਾਂ/ਈ ਰਿਕਸ਼ਾ ਨੂੰ ਸੜ੍ਹਕ ਤੇ ਬਿਨਾ ਵਜਾ ਪਾਰਕ ਨਾ ਕੀਤਾ ਜਾਵੇ, ਰੋਂਗ ਸਾਇਡ ਆਟੋ ਨਾ ਚਲਾਏ ਜਾਣ, ਤਾਂ ਜੋ ਸੜਕਾਂ ਤੇ ਲਵਣ ਵਾਲੇ ਟਰੈਫਿਕ ਜਾਮ ਨੂੰ ਰੋਕਿਆ ਜਾ ਸਕੇ।



ਧਾਰਮਿਕ ਸਮਾਗਮ ਵਿੱਚ ਤੇਰੀ ਓਟ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਨੂੰ ਸਨਮਾਨਿਤ ਕਰਦੇ ਹੋਏ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਮੁੱਖੀ ਦਸਮੇਸ਼ ਤਰਨਾ ਦਲ ਅਤੇ ਸੰਤ ਬਾਬਾ ਬੁੱਧ ਸਿੰਘ ਜੀ ਨਿੱਕੇ ਘੁੰਮਣਾ ਵਾਲੇ। **ਫੋਟੋ ਅਤੇ ਵੇਰਵਾ : ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ**

### ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨੇ ਮਨਾਇਆ 44ਵਾਂ ਇਨਾਮ ਵੰਡ ਸਮਾਰੋਹ

## ਵਿਧਾਇਕ ਟੌਂਗ ਅਤੇ ਐੱਸ.ਡੀ.ਐੱਮ ਬਾਬਾ ਬਕਾਲਾ ਨੇ ਕੀਤੀ ਮੁੱਖ ਮਹਿਮਾਨ ਵੱਜੋਂ ਸ਼ਿਰਕਤ



ਚੌਕ ਮਹਿਤਾ, 7 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)- ਇਲਾਕੇ ਦੀ ਨਾਮਵਾਰ ਸੰਸਥਾ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ,ਮਹਿਤਾ ਚੌਂਕ ਵੱਲੋਂ 44ਵਾਂ ਸਲਾਨ ਇਨਾਮ ਵੰਡ ਸਮਾਰੋਹ ਸਕੂਲ ਕੈਂਪਸ ਵਿਖੇ ਕਰਵਾਇਆ ਗਿਆ।ਸਕੂਲ ਵੱਲੋਂ ਕਰਵਾਏ ਗਏ ਇਸ ਵਿਸ਼ਾਲ ਸਮਾਰੋਹ ਦੌਰਾਨ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਵਿਧਾਇਕ ਦਲਬੀਰ ਸਿੰਘ ਟੌਂਗ ਅਤੇ ਸ੍ਰੀ ਲਾਲ ਵਿਸ਼ਾਵਾਸ਼ ਬੈਂਸ ਐੱਸ.ਡੀ.ਐੱਮ ਬਾਬਾ ਬਕਾਲਾ ਸਾਹਿਬ ਨੇ ਬਤੌਰ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ।ਇਸ ਸਲਾਨਾ ਸਮਾਰੋਹ ਵਿੱਚ ਸਕੂਲ ਦੇ ਪੁਰਾਣੇ ਵਿਦਿਆਰਥੀ ਸ: ਹਰਪਾਲ ਸਿੰਘ ਬਾਜਵਾ ਜੋ ਕਿ ਅੰਤਰ-ਰਾਸ਼ਟਰੀ ਬਾਡੀ ਬਿਲਡਰ ਵਜੋਂ ਜਾਣੇ ਜਾਂਦੇ ਹਨ ਉਨ੍ਹਾਂ ਨੂੰ ਵੀ ਸਕੂਲ ਮੈਨਜ਼ਮੈਂਟ ਵੱਲੋਂ ਇਸ ਸਲਾਨਾ ਸਮਾਰੋਹ ਵਿੱਚ ਉੱਚੇਚੇ ਤੌਰ 'ਤੇ ਬੁਲਾ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਉਨ੍ਹਾਂ ਨੇ ਆਪਣੇ ਪੁਰਾਣੇ ਸਕੂਲ ਵਿੱਚ ਆ ਕੇ ਬਹੁਤ ਖੁਸ਼ੀ ਅਤੇ ਮਾਣ ਮਹਿਸੂਸ਼ ਕਰਦੇ ਹੋਏ ਸਮੂਹ ਮੈਨਜ਼ਮੈਂਟ ਦਾ ਧੰਨਵਾਦ ਕੀਤਾ।ਸ: ਹਰਪਾਲ ਸਿੰਘ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਹੋਇਆ ਦੱਸਿਆ ਕਿ ਉਹ ਅੱਜ ਜਿਸ ਮੁਕਾਮ ਉੱਤੇ ਖੜ੍ਹੇ ਹਨ ਅਤੇ ਜੋ ਉਪਲਬੱਧੀਆ ਹਾਸਲ ਕੀਤੀਆਂ ਹਨ, ਉਸ ਵਿੱਚ ਇਸ ਸੰਸਥਾ ਦਾ ਵੱਡਮੁਲਾ ਯੋਗਦਾਨ ਹੈ।ਉਨ੍ਹਾਂ ਨੇ ਕਿਹਾ ਕਿ ਗੁਰਬਾਣੀ ਦੀ ਦਾਤ ਮੈਨੂੰ ਇਸ ਸਕੂਲ ਵੱਲੋਂ ਹੀ ਮਿਲੀ ਹੈ।ਸਕੂਲ ਦੇ ਚੇਅਰਮੈਨ ਸ: ਗੁਰਦੀਪ ਸਿੰਘ ਰੰਧਾਵਾ, ਵਿਧਾਇਕ ਦਲਬੀਰ ਸਿੰਘ ਟੌਂਗ ਅਤੇ ਸ੍ਰੀ ਲਾਲ ਵਿਸ਼ਾਵਾਸ਼ ਬੈਂਸ ਐੱਸ.ਡੀ.ਐੱਮ ਬਾਬਾ ਬਕਾਲਾ ਸਾਹਿਬ ਅਤੇ ਸਕੂਲ ਮੈਨਜ਼ਮੈਂਟ ਵੱਲੋਂ ਸ: ਹਰਪਾਲ ਸਿੰਘ ਬਾਜਵਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਲਾਨਾ ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ। ਜਿਸ ਵਿੱਚ ਉਨ੍ਹਾਂ ਨੇ ਭਾਰਤੀ ਸੰਸਕ੍ਰਿਤੀ ਦੇ ਵੱਖ-ਵੱਖ ਰੰਗਾਂ ਨੂੰ ਦਰਸ਼ਕਾਂ ਸਾਹਮਣੇ ਬੜੇ ਉਤਸ਼ਾਹ ਦੇ ਨਾਲ ਪੇਸ਼ ਕੀਤਾ। ਵਿਦਿਆਰਥੀਆਂ ਅਤੇ ਮਾਪਿਆਂ ਦੇ ਚਿਹਰਿਆਂ 'ਤੇ ਖੁਸ਼ੀ ਦੀ ਲਹਿਰ ਦੇਖੀ ਗਈ। ਅਧਿਆਪਕਾਂ ਦੀ ਹੌਸਲਾਂ ਅਫ਼ਜਾਈ ਨਾਲ ਬੱਚਿਆ ਨੇ ਇਸ ਸਮਾਗਮ ਵਿੱਚ ਆਪਣੀਆਂ ਆਇਟਮਾਂ ਨੂੰ ਸਟੇਜ਼ ਉੱਤੇ ਬਖੂਬੀ ਨਿਭਾਇਆ।ਵਿਧਾਇਕ ਦਲਬੀਰ ਸਿੰਘ ਟੌਂਗ ਨੇ ਕਿਹਾ ਕਿ ਦਸ਼ਮੇਸ਼ ਵਿੱਦਿਅਕ ਸੰਸਥਾ ਦੁਨਿਆਵੀਂ ਵਿੱਦਿਆ ਦੇ ਨਾਲ-ਨਾਲ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆ ਵਿੱਚ ਹਮੇਸ਼ਾ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ। ਸ੍ਰੀ ਲਾਲ ਵਿਸ਼ਾਵਾਸ਼ ਬੈਂਸ ਐੱਸ.ਡੀ.ਐੱਮ ਬਾਬਾ ਬਕਾਲਾ ਸਾਹਿਬ ਨੇ ਆਪਣੇ ਸੰਬੋਧਨ ਵਿੱਚ ਸਕੂਲ ਵੱਲੋਂ ਵਿੱਦਿਆ ਦੇ ਨਾਲ-ਨਾਲ ਨਿਭਾਇਆਂ ਜਾ ਰਹੀਆਂ ਸੱਭਿਆਚਾਰਕ ਅਤੇ ਸਮਾਜਿਕ ਸੇਵਾਵਾਂ ਦੀ ਵਿਸ਼ੇਸ਼ ਸ਼ਲਾਘਾ ਕੀਤੀ ਅਤੇ ਸਕੂਲ ਦੇ ਅਨੁਸ਼ਾਸ਼ਨ ਨੂੰ ਦੇਖ ਕੇ ਖੁਸ਼ੀ ਮਹਿਸੂਸ ਕੀਤੀ।ਇਸ ਮੌਕੇ ਕਮੇਟੀ ਮੈਬਰਜ਼ ਸ: ਗੁਲਜ਼ਾਰ ਸਿੰਘ ਮਹਿਤਾ, ਸ: ਯਾਦਵਿੰਦਰ ਸਿੰਘ ਮਹਿਤਾ, ਸ: ਬਲਕਾਰ ਸਿੰਘ, ਨੰਬਰਦਾਰ ਗੁਲਜਿੰਦਰ ਸਿੰਘ ਲਾਡੀ, ਜਥੇਦਾਰ ਤਰਸੇਮ ਸਿੰਘ ਤਾਹਰਪੁਰ, ਸ:ਸੁਰਜੀਤ ਸਿੰਘ ਕੰਗ, ਸ: ਗੁਰਵਿੰਦਰ ਸਿੰਘ ਖੱਬੇ ਰਾਜ਼ਪੂਤਾਂ ਚੇਅਰਮੈਨ ਮਾਰਕੀਟ ਕਮੇਟੀ ਮਹਿਤਾ, ਸ: ਬਲਵਿੰਦਰ ਸਿੰਘ ਢਿੱਲੋਂ, ਸ: ਅਵਤਾਰ ਸਿੰਘ ਬੱਟਰ, ਸ: ਜਗਜੀਤ ਸਿੰਘ , ਸ: ਭੁਪਿੰਦਰ ਸਿੰਘ, ਸ: ਮਹਿੰਦਰਪਾਲ ਸਿੰਘ, ਕੈਪਟਨ ਜੋਗਿੰਦਰ ਸਿੰਘ , ਸ੍ਰੀ ਬਲਰਾਮ ਬਾਵਾ, ਸ: ਸੁਖਨਪਾਲ ਸਿੰਘ , ਸ: ਤੇਜ਼ਬੀਰ ਸਿੰਘ ਸੋਹਲ, ਸ: ਕੁਲਬੀਰ ਸਿੰਘ ਮਾਨ, ਸ: ਅਨੂੰਜੀਤ ਸਿੰਘ ਵਾਲੀਆ ਪ੍ਰਿੰਸੀਪਲ ਮਨਜੀਤ ਕੌਰ ਵਾਲੀਆ, ਪ੍ਰਿੰਸੀਪਲ ਗੁਰਬੀਰ ਕੌਰ ਹਾਜ਼ਰ ਸਨ।

### ਸਿੰਘ ਸਾਹਿਬ ਗਿ.ਮਲਕੀਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ

## ਆਪਣੇ ਨਵੇਂ ਘਰ ਦੀ ਨਵ ਉਸਾਰੀ ਦੇ ਸੰਬੰਧ ਵਿੱਚ ਗੁਰਮਤਿ ਸਮਾਗਮ ਕਰਵਾਇਆ



ਜੰਡਿਆਲਾ ਗੁਰੂ, 7 ਫਰਵਰੀ ( ਕੁਲਵੰਤ ਸਿੰਘ ਵਿਰਦੀ)- ਮਾਨਯੋਗ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਜਿੰਨਾਂ ਤੇ ਧੰਨ ਧੰਨ ਗੁਰੂ ਰਾਮਦਾਸ ਸਾਹਿਬ ਜੀ ਅਤੇ ਧੰਨ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਰਪਾ ਕਰਕੇ ਆਪਣਾ ਘਰ ਬਣਾਉਣ ਸਮੇਂ ਨੀਂਹ ਰੱਖਣ ਤੋਂ ਪਹਿਲਾ ਗੁਰਮਤਿ ਸਮਾਗਮ ਕਰਵਾਕੇ ਗੁਰੂ ਸਾਹਿਬ ਜੀ ਪਾਸੋਂ ਆਗਿਆ ਦੀ ਅਰਜੋਈ ਅਰਦਾਸ ਕੀਤੀ ਉੱਥੇ ਇਸ ਸਮਾਗਮ ਵਿੱਚ ਗੁਰਬਾਣੀ ਜਾਪ ਉਪਰੰਤ ਭਾਈ ਬਲਦੇਵ ਸਿੰਘ ਜੀ ਕੀਰਤਨੀਏ ਦਮਦਮੀ ਟਕਸਾਲ ਮਹਿਤਾ ਚੌਂਕ ਨੇ ਕੀਰਤਨ ਦੁਆਰਾ ਨਿਹਾਲ ਕੀਤਾ ਉੱਥੇ ਅਤੀ ਸਨਮਾਂਨਯੋਗ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਹੈੱਡ ਗ੍ਰੰਥੀ ਸਚਖੰਡਿ ਸ੍ਰੀ ਹਰਿਮੰਦਰ ਸਾਹਿਬ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਸੰਗਤ ਨਾਲ ਗੁਰਮਤਿ ਵਿਚਾਰਾਂ ਕੀਤੀਆਂ ਭਾਈ ਰਾਜਬੀਰ ਸਿੰਘ ਖਡੂਰ ਸਾਹਿਬ ਜੀ ਦੇ ਜੱਥੇ ਨੇ ਮਨੋਹਰ ਕੀਰਤਨ ਕੀਤਾ ਬਾਬਾ ਅਮਰੀਕ ਸਿੰਘ ਖੁਖਰੈਣ ਕਪੂਰਥਲਾ ਵਾਲਿਆਂ ਵੀ ਹਾਜ਼ਰੀ ਭਰੀ ਗਿਆਨੀ ਵਰਿਆਮ ਸਿੰਘ ਕਥਾਵਚਕ ਨੇ ਕਥਾ ਰਾਂਹੀ ਛਹਿਬਰ ਲਾਕੇ ਸੰਗਤ ਨੂੰ ਨਿਹਾਲ ਕੀਤਾ ਮਾਨਯੋਗ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਦੋਵੇਂ ਗ੍ਰੰਥੀ ਸਚਖੰਡਿ ਸ੍ਰੀ ਹਰਮੰਦਿਰ ਸਾਹਿਬ ਜੀ ਨੇ ਹਾਜ਼ਰੀ ਭਰੀ ਮਾਤਾ ਵਿੱਪਨਪ੍ਰੀਤ ਕੋਰ ਜੀ ਲੁਧਿਆਣੇ ਵਾਲਿਆਂ ਵਿਸ਼ੇਸ਼ ਸ਼ਮੂਲੀਅਤ ਕੀਤੀ ਬਾਬਾ ਨਿਰਮਲ ਸਿੰਘ ਜੀ (ਅੰਸ਼ ਬੰਸ਼ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ) ਵੀ ਸੰਗਤ ਸਮੇਤ ਹਾਜ਼ਰੀਆਂ ਭਰੀਆਂ ਭਾਈ ਅਮਨਦੀਪ ਨਿਸ਼ਾਨੇ ਸਿੱਖੀ ਖਡੂਰ ਸਾਹਿਬ ਵਾਲੇ ਜੱਥੇ ਨੇ ਰਸ-ਭਿੰਨਾ ਕੀਰਤਨ ਤੇ ਆਨੰਦ ਸਾਹਿਬ ਪੜਕੇ ਸੰਪੂਰਨਤਾ ਦੀ ਕੀਤੀ ਅਰਦਾਸ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਨੇ ਕੀਤੀ ਤੇ ਹੁਕਮਨਾਮਾ ਸਿੰਘ ਸਿੰਘ ਗਿਆਨੀ ਮੰਗਲ ਸਿੰਘ ਜੀ ਨੇ ਲਿਆ ਬਾਬਾ ਹਰਕੀਰਤ ਸਿੰਘ ਜੀ ਨਾਨਕਸਰ ਭਾਜੀ ਅਵਤਾਰ ਸਿੰਘ ਜੀ ਦੇ ਜੱਥੇ ਵਾਲਿਆਂ ਨੇ ਹਾਜ਼ਰੀ ਭਰੀ ਸੰਤ ਬਾਬਾ ਜੋਗਾ ਸਿੰਘ ਮੁੱਖ ਜੱਥੇਦਾਰ ਮਿਸਲ ਸ਼ਹੀਦਾਂ ਤਰਨਾਂ ਦਲ ਬਾਬਾ ਬਕਾਲਾ ਜੀ ਦੇ ਨਾਲ ਤਿਆਰਪੁਰ ਤਿਆਰ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘਾਂ ਸਮੇਤ ਸਾਰੀਆਂ ਸ਼ਖਸ਼ੀਅਤਾਂ ਨੇਂ ਨਵੇਂ ਘਰ ਦੀ ਨੀਂਹ ਰੱਖ ਕਰਕੇ ਉਸ ਸਮੇਂ ਜੈਕਾਰਿਆਂ ਦੀਆਂ ਗੂੰਜਾਂ ਨਾਲ ਅਸਮਾਨ ਗੁੰਜਾਂ ਦਿੱਤਾ ਤਾਂ ਬਹੁਤ ਆਨੰਦਮਈ ਮਾਹੋਲ ਬਣਿਆਂ,ਸਟੇਟ ਬੈਂਕ ਆਫ ਇੰਡੀਆ ਦੇ ਉੱਚ ਅਧਿਕਾਰੀ ਭਾਈ ਤਜਿੰਦਰ ਸਿੰਘ ਖਾਲਸਾ ਸਟੇਟ ਬੈਂਕ ਆਫ ਇੰਡੀਆ ਦੇ ਮੈਨੇਜਰ ਕੇਡੀ ਸਿੰਘ ਖ਼ਾਲਸਾ ਹਰਵਿੰਦਰ ਸਿੰਘ ਮੈਨੇਜਰ ਗਿਆਨੀ ਅਵਤਾਰ ਸਿੰਘ ਮੱਕੜ ਕਥਾਵਾਚਕ ਗੁ ? ਛੇਹਰਟਾ ਸਾਹਿਬ ਜੀ ਸੰਦੀਪ ਕੌਰ ਐਸ ਬੀ ਆਈ ਨਪਿੰਦਰ ਸਿੰਘ ਪ੍ਰਧਾਂਨ ਲਖਵਿੰਦਰ ਸਿੰਘ ਅੰਮ੍ਰਿਤਸਰ ਜੱਜ ਸ੍ਰ ਲੱਖਾ ਸਿੰਘ ਜਗਦੇਵ ਕਲਾਂ ਜਸਬੀਰ ਸਿੰਘ ਮੇਤਲਾ ਬਲਵਿੰਦਰ ਸਿੰਘ ਲਹਿਰੀ ਕਰਨਦੀਪ ਸਿੰਘ ਜਸ਼ਨਦੀਪ ਸਿੰਘ ਸੁੱਖਚੈਨ ਸਿੰਘ ਮਨਪ੍ਰੀਤ ਸਿੰਘ ਸ੍ਰ ਹਰਨੇਕ ਸਿੰਘ ਮੈਂਬਰ ਪੰਚਾਇਤ ਵਰਪਾਲ ਸ੍ਰ ਜਸਬੀਰ ਸਿੰਘ ਮੱਤੇਵਾਲ ਮੈਂਬਰ ਧਰਮ ਪ੍ਰਚਾਰ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ. ਤੇ ਹੋਰ ਦੇਸ਼ ਵਿਦੇਸ਼ ਤੋਂ ਸੰਗਤ ਨੇ ਹਾਜ਼ਰੀ ਭਰੀ ਤੇ ਅਖੀਰ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਨੇ ਆਈਆਂ ਸੰਗਤਾਂ ਸ਼ਖਸ਼ੀਅਤਾ ਦਾ ਧੰਨਵਾਦ ਕੀਤਾ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਾਨਿ ਕੋਟਿ ਸ਼ੁਕਰਾਨਾ ਕੀਤਾ।

## ਰਾਗੀ ਜੰਗ ਸਿੰਘ ਮਸਤੂਆਨਾ ਦੀ ਤਸਵੀਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਸਾਹਿਬ ਵਿਖੇ ਲੱਗਣ ਤੇ ਸੰਗਤਾਂ 'ਚ ਖੁਸ਼ੀ



ਤਲਵੰਡੀ ਸਾਬੋ, 07 ਫਰਵਰੀ (ਗੁਰਜੰਟ ਸਿੰਘ ਨਥੇਹਾ)- ਸਿੱਖ ਕੌਮ ਦੀ ਮਹਾਨ ਧਾਰਮਿਕ ਸਖਸ਼ੀਅਤ ਸੰਤ ਬਾਬਾ ਅਤਰ ਸਿੰਘ ਜੀ ਵੱਲੋਂ ਸਥਾਪਿਤ ਲੰਗਰ ਬੁੰਗਾ ਮਸਤੂਆਣਾ ਧਾਰਮਿਕ ਮਹਾਂ ਵਿਦਿਆਲਾ 'ਚ ਨੱਬੇ ਦੇ ਦਹਾਕੇ ਦੌਰਾਨ ਕੀਰਤਨ ਦੀਆਂ ਸੇਵਾਵਾਂ ਨਿਭਾਉਣ ਵਾਲੇ ਅਤੇ ਸੰਪਰਦਾਇ ਮਸਤੂਆਣਾ ਮੁਖੀ ਰਹਿਣ ਦੌਰਾਨ ਸਿੱਖੀ ਪ੍ਰਚਾਰ ਪ੍ਰਸਾਰ ਚ ਅਹਿਮ ਯੋਗਦਾਨ ਪਾਉਣ ਵਾਲੇ ਸੱਚਖੰਡਵਾਸੀ ਰਾਗੀ ਜੰਗ ਸਿੰਘ ਜੀ ਦੀ ਤਸਵੀਰ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਾਪਿਤ ਕੀਤੇ ਜਾਣ ਤੇ ਸਥਾਨਕ ਇਲਾਕੇ ਦੀਆਂ ਧਾਰਮਿਕ ਹਸਤੀਆਂ ਅਤੇ ਸਿੱਖ ਸੰਗਤਾਂ ਚ ਵੀ ਖੁਸ਼ੀ ਦੇਖਣ ਨੂੰ ਮਿਲ ਰਹੀ ਹੈ। ਲੰਬਾ ਸਮਾਂ ਸ਼੍ਰੋਮਣੀ ਕਮੇਟੀ ਦੇ ਅੰਤ੍ਰਿਗ ਮੈਂਬਰ ਰਹੇ ਅਤੇ ਮੌਜੂਦਾ ਸਮੇਂ ਸੰਪਰਦਾਇ ਮਸਤੂਆਣਾ ਮੁਖੀ ਬਾਬਾ ਟੇਕ ਸਿੰਘ ਧਨੌਲਾ ਨੇ ਉਕਤ ਪੱਤਰਕਾਰ ਨੂੰ ਦੱਸਿਆ ਕਿ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਚ ਸਮੇਂ ਸਮੇਂ ਅਹਿਮ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦੀਆਂ ਤਸਵੀਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਅਜਾਇਬ ਘਰ ਚ ਲਗਾਈਆਂ ਜਾਦੀਆਂ ਹਨ ਤਾਂਕਿ ਅਗਲੀ ਪੀੜੀ ਉਨ੍ਹਾਂ ਮਹਾਨ ਸਖਸ਼ੀਅਤਾਂ ਦੇ ਇਤਿਹਾਸ ਤੋਂ ਜਾਣੂੰ ਹੋ ਸਕੇ ਉਨਾਂ ਦੱਸਿਆ ਕਿ ਇਸੇ ਲੜੀ ਵਿੱਚ ਅੱਜ ਸ਼੍ਰੋਮਣੀ ਕਮੇਟੀ ਦੇ ਉਚ ਅਧਿਕਾਰੀਆਂ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਅਤਿਰਿਕਤ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਦੀ ਮੌਜੂਦਗੀ ਵਿੱਚ ਰਾਗੀ ਜੰਗ ਸਿੰਘ ਜੀ ਮਸਤੂਆਣਾ ਦੀ ਤਸਵੀਰ ਸਿੱਖ ਅਜਾਇਬ ਘਰ ਚ ਲਗਾਈ ਗਈ ਹੈ।ਉੱਧਰ ਤਸਵੀਰ ਲੱਗਣ ਸਮੇਂ ਵਿਸ਼ੇਸ ਤੌਰ 'ਤੇ ਮੌਜੂਦ ਰਹੇ ਰਾਗੀ ਜੰਗ ਸਿੰਘ ਦੇ ਸਪੁੱਤਰ ਅਤੇ ਮੌਜੂਦਾ ਸਮੇਂ ਗੁ: ਬੁੰਗਾ ਮਸਤੂਆਣਾ ਸਾਹਿਬ ਦੇ ਸਕੱਤਰ ਦੀ ਡਿਊਟੀ ਨਿਭਾ ਰਹੇ ਭਾਈ ਸੰਤ ਸਿੰਘ ਨੇ ਦੱਸਿਆ ਕਿ ਰਾਗੀ ਜੰਗ ਸਿੰਘ ਜੀ ਨੇ ਸੰਗਤਾਂ ਨੂੰ ਗੁਰੂ ਦੇ ਲੜ ਲਾਉਣ ਲਈ ਗੁਰਬਾਣੀ ਕਥਾ ਕੀਰਤਨ ਰਾਹੀਂ ਜ਼ਿੰਦਗੀ ਭਰ ਸੇਵਾਵਾਂ ਨਿਭਾਈਆਂ। ਉਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਮੂੰਹ ਅਹੁਦੇਦਾਰਾਂ ਦਾ ਤਸਵੀਰ ਸਥਾਪਿਤ ਕਰਨ ਲਈ ਧੰਨਵਾਦ ਵੀ ਕੀਤਾ।ਉੱਧਰ ਗੁ:ਬੁੰਗਾ ਮਸਤੂਆਣਾ ਮੁਖੀ ਬਾਬਾ ਕਾਕਾ ਸਿੰਘ ਅਤੇ ਸਮੂੰਹ ਸੰਤ ਸੇਵਕ ਜਥੇ ਨੇ ਰਾਗੀ ਜੰਗ ਸਿੰਘ ਦੀ ਤਸਵੀਰ ਅਜਾਇਬ ਘਰ ਚ ਲੱਗਣ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਨਾ ਕੇਵਲ ਬੁੰਗਾ ਮਸਤੂਆਣਾ ਸਗੋਂ ਸਮੁੱਚੇ ਸੰਪਰਦਾਇ ਲਈ ਮਾਣ ਵਾਲੀ ਗੱਲ ਹੈ।

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net


# ਦਲਿਤਾਂ ਤੇ ਜੱਟਾਂ 'ਚ ਫੁੱਟ ਪਾਉਣ ਵਾਲੇ ਸਿੱਖ ਪੰਥ ਤੇ ਬਹੁਜਨ ਦੇ ਦੁਸ਼ਮਣ, ਬਾਬਾ ਕਾਂਸ਼ੀ ਰਾਮ ਦੇ ਮਿਸ਼ਨ ਦੇ ਦੁਸ਼ਮਣ ਹਨ

ਦਲਿਤਾਂ ਤੇ ਜੱਟਾਂ 'ਚ ਫੁੱਟ ਪਾਉਣ ਵਾਲੇ ਸਿੱਖ ਪੰਥ ਤੇ ਬਹੁਜਨ ਦੇ ਦੁਸ਼ਮਣ, ਬਾਬਾ ਕਾਂਸ਼ੀ ਰਾਮ ਦੇ ਮਿਸ਼ਨ ਦੇ ਦੁਸ਼ਮਣ ਹਨ। ਸਭ ਧੀਆਂ ਭੈਣਾਂ ਸਾਂਝੀਆਂ ਹਨ।ਇਹ ਸਤਿਗੁਰੂ ਦੀ ਵਿਚਾਰਧਾਰਾ ਹੈ ।ਭਾਈ ਗੁਰਦਾਸ ਜੀ ਅਨੁਸਾਰ

ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ

ਇਹ ਪੰਜਾਬ ਦਾ ਸਭਿਆਚਾਰ ਹੈ।ਇਸ ਵਿਰੁਧ ਚਲਣ ਵਾਲੇ ਸਮਾਜ ਦੇ

ਆਵਾਜ਼ਿ ਕੌਮ AWAZE QAUM International Newspaper & WEB TV


ਖਲਨਾਇਕ ਹਨ ਚਾਹੇ ਉਹ ਕਿਸੇ ਜਾਤ ਧਰਮ ਦੇ ਹੋਣ ਸ਼ੋਸ਼ਲ ਮੀਡੀਆ ਵਿਚ ਜਟ ਦਲਿਤ ਵਿਚ ਫੁਟ ਪਾਉਣ ਦੀ ਖੇਡ ਪੰਜਾਬ ਵਿਰੋਧੀਆਂ ਦੀ ਹੈ।ਕੋਈ ਧਰਮ ਮਾੜਾ ਨਹੀਂ, ਕੋਈ ਜਾਤ ਮਾੜੀ ਨਹੀਂ।ਕਿਸੇ ਬੰਦੇ ਦੇ ਅਪਰਾਧ ਕਾਰਣ ਸਾਰੀ ਜਾਤੀ ਨੂੰ ਅਪਰਾਧੀ ਨਹੀਂ ਬਣਾਇਆ ਜਾ ਸਕਦਾ।ਅਸੀਂ ਸਭ ਨੇ ਜਾਤੀ ਨਫਰਤ ਦੀ ਖੇਡ ਖੇਡ ਕੇ ਪੰਜਾਬ ਨੂੰ ਯੂਪੀ ਬਿਹਾਰ ਵਾਂਗ ਜਾਤੀਵਾਦੀ ਨਹੀਂ ਬਣਾਉਣਾ।ਇਸ ਨੂੰ ਗੁਰੂ ਗਰੰਥ ਸਾਹਿਬ ਦਾ ਪੰਜਾਬ ਰਹਿਣ ਦਿਉ।ਗੁਰੂ ਗਰੰਥ ਸਾਹਿਬ ਦਾ ਹੁਕਮ ਸਭ ਜਾਤਾਂ ,ਧਰਮਾਂ ਮਨੁੱਖਾਂ ਲਈ ਹੈ।

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ 1॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ" (ਪੰ: 1299)
*ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ
*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥
*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ" (ਪੰ: 1349)
*"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ" (ਪੰ:

ਸੋ ਗੁਰੂ ਦੇ ਮਿਸ਼ਨ ਉਪਰ ਚਲੋ ਪੰਜਾਬ ਨੂੰ ਰੋਲ ਮਾਡਲ ਸੂਬਾ ਬਣਾਉ।ਜਾਤੀਵਾਦੀ ਖੇਡ ਵਿਚ ਸਮਾਜ ਦਾ ਨਾਸ਼ ਹੁੰਦਾ ਹੈ।ਡਾਕਟਰ ਅੰਬੇਡਕਰ ਨੇ ਕਿਹਾ ਕਿ ਜਾਤੀਵਾਦ ਮਨੁੱਖੀ ਏਕਤਾ ਸਾਂਝੇ ਸਮਾਜ ਲਈ ਰੁਕਾਵਟ ਹੈ।

-ਪ੍ਰੋ. ਬਲਵਿੰਦਰਪਾਲ ਸਿੰਘ






24 SERVICE EVERYDAY HOURS

PURE AND NATURAL 100% VEGETARIAN PURE AND NATURAL

Enjoy Real Taste of PUNJAB

KD

FULLY A.C. HALL

Khehra VAISHNO DHABA

BREAKFAST
LUNCH
DINNER

OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



ਪੰਜਾਬੀ

ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਮੁਕਤਾ, ਕੰਨਾ, ਸਿਹਾਰੀ, ਬਿਹਾਰੀ
ਔਂਕੜ, ਦੁਲੈਂਕੜ, ਲਾਂ, ਦੁਲਾਵਾਂ
ਹੋੜਾ, ਕਨੌੜਾ, ਟਿੱਪੀ, ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI